ਤ੍ਰਿਪਾਏਨ ਨਾਮਾ

5123/੭

ਨਗਰ ਸਿਆਣੀ
(ਅਣਛਪਿਆ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

~~50~~

5123G
6023G

ਉਪਦੇਸ਼ ਮਾਲਾ

ਕ੍ਰਿਤ

ਨਾਰਦ ਜਿਆ ਜੀ

(ਅਰਥੀ ਭਾਸ਼ਾ)

Digitized by Panjab Digital Library | www.panjabdigilib.org

262—3-4-61—30,000—C. P andS. Pb. Patiala.

# LANGUAGE DEPARTMENT

**LIBRARY ACC. No. ______ PUNJAB.**

## Date Due

| Date of Issue | Date of Return | Date of Issue | Date of Return |
|---|---|---|---|
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |

Digitized by Panjab Digital Library | www.panjabdigilib.org

ਸਭ ਹੱਕ ਰਾਖਵੇਂ ਹਨ

੧ ਓ ਸਤਿਗੁਰ ਪ੍ਰਸਾਦਿ

ਗੁਰਮਤ ਨੇਸ਼ਨਲ ਏਜੰਸੀ ਵਲੋਂ

ਪੁਸਤਕ

# ਉਪਦੇਸ਼ ਮਾਲਾ

ਜਿਸ ਵਿਚ ਪੈਂਤੀ ਅੱਖਰੀ ਅਨੁਸਾਰ, ਈਸ਼੍ਵਰ ਉਪਦੇਸ਼
ਵੈਰਾਗ ਆਦਿਕ ਤੇ ਸਭ ਧਰਮਾਂ ਨੂੰ ਪਖਸ਼ਪਾਤ ਤੋਂ
ਰੈਹਤ ਸਿਖਿਆ ਦਿਤੀਆਂ ਗਈਆਂ ਹਨ

ਰਚਿਤ

ਭਾਈ ਠਾਕਰ ਸਿੰਘ 'ਅਦਲੀ ਵਾਲਾ'

ਬਤਰਜ਼

60236

## ਸਾਧੂ ਦਯਾ ਸਿੰਘ ਜੀ

ਕਰਣਾ ਜਿੰਦਗੀ ਬਿਲਾਸ, ਫਨਾਹ ਦਾ ਮਕਾਨ ਆਦਿਕ

ਪ੍ਰਕਾਸ਼ਕ

ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

ਪੁਸਤਕਾਂ ਵਾਲੇ ਤੇ ਮਾਲਕ ਗੁਰਮਤ ਨੇਸ਼ਨਲ ਏਜੰਸੀ
ਬਜ਼ਾਰ ਮਾਈ ਸੇਵਾਂ ਸ੍ਰੀ ਅੰਮ੍ਰਿਤਸਰ ਜੀ

ਹਿੰਦੂ ਪ੍ਰੇਸ ਅੰਮ੍ਰਿਤਸਰ ਵਿਚ ਛਪਿਆ।

ਪਹਿਲੀ ਵਾਰ ੧੦੦੦ ਇਕ ਹਜ਼ਾਰ ਮੁਲ ।।=)

Digitized by Panjab Digital Library | www.panjabdigilib.org

# ਸ੍ਰੀ ਗੁਰੂ ਅਰਜਨ ਬਿਲਾਸ

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬ੍ਰਿਤਾਂਤ ਸ੍ਰੀ ਅਮ੍ਰਿਤਸਰ ਸੰਤੋਖਸਰ, ਤਰਨ ਤਾਰਨ ਆਦਿਕ ਤੀਰਥ ਰਚਨੇ ਲਾਹੌਰ ਵਿਚ ਜਾਣਾ ਚੰਦੂ ਸਵਾਹਾ ਦੇ ਤਸੀਹੇ ਪੰਜਾਬੀ ਬੈਂਤਾਂ ਵਿਚ ਸੰਪੂਰਨ ਬ੍ਰਿਤਾਂਤ ਹੈ ਰਚਿਤ ਭਾਈ ਜੋਧ ਸਿੰਘ ਜੀ ਮੁਲ ।=)

# ਗੁਰੂ ਕੀ ਸੀ ?

ਸ੍ਰੀ ਮਾਨ ਮਾਸਟਰ ਸੁੰਦਰ ਸਿੰਘ ਜੀ ਲਾਇਲ ਪੁਰੀ ਮੈਨੇਜਰ 'ਅਕਾਲੀ'ਅਖਬਾਰ ਦੀ ਬਣੀ ਹੋਈ ਮਸ਼ਹੂਰ ਕੌਮੀ ਝੋਕ ਸੋਧਕੇ ਚੌਥੀਵਾਰ ਛਾਪੀ ਗਈ ਹੈ ਟੈਟਲ ਰੰਗਦਾਰ ਹੈ ਮੁਲ –)॥ ਇਕੱਠਿਆਂ ਲਈ ਖਾਸ ਰਿਐਤਹੈ ।

# ਦਰਦ ਸੁਨੇਹੇ

ਰਚਿਤ ਸ੍ਰੀ ਮਾਨ ਗਿਆਨੀ ਹੀਰਾ ਸਿੰਘ ਜੀ ਦਰਦ ਜਾਂ: ਐਡੀਟਰ ਅਕਾਲੀ ਲਾਹੌਰ ਦੀਆਂ ਕਵਿਤਾਂ ਕੱਠੀਆਂ ਕਰਕੇ ਇਕ ਜਗਾ ਛਾਪੀਆਂ ਗਈਆਂ ਹਨ। ਮੁਲ ।) ਹਿਸਾ ਦੂਜਾ ।–)

# ਪਹਿਲੀ ਸ਼ਹੀਦੀ

ਸ੍ਰੀ ਗੁਰੂ ਅਰਜਨ ਦੇਵ ਜੀ ਪਾ: ਪੰਜਵੀਂ ਦੇ ਅਸਹਿ ਕਸ਼ਟ ਦਾ ਸਹਾਰਨਾ ਪਾਪੀ ਚੰਦੂ ਸ਼ਾਹੀਏ ਦੇ ਜ਼ੁਲਮ ਤੇ ਜੋਤੀ ਜੋਤ ਸਮਾਵਨ ਦਾ ਪ੍ਰਸੰਗ ਨਵੀਂ ਤਰਜ ਵਿਚ ਨਵਾਂ ਹੀ ਪੁਸਤਕ ਛਪਿਆ ਹੈ ਮੋਖ =)

# ਚਣਾਕਾ ਰਾਜਨੀਤ ਸਟੀਕ

ਰਾਜ ਦਰਬਾਰ ਵਿਚ ਇੱਜ਼ਤ ਦੇਣ ਵਾਲੀ ਘਰ ਨੂੰ ਸੁਰਗ ਬਣਾਨ ਵਾਲੀ, ਦੇਸ ਪ੍ਰਦੇਸ ਵਿਚ ਸਿਖਿਆ ਦਾਤੀ ਰਾਜਨੀਤੀ ਦੀ ਅਮੋਲਕ ਪੁਸਤਕ ਹੈ ਮੁਲ ।=)

# ਪਤਾ-ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ

ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ ਸ੍ਰੀ ਅਮ੍ਰਿਤਸਰ ਜੀ

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

# ਉਪਦੇਸ਼ ਮਾਲਾ

ਕ੍ਰਿਤ ਕਵਿ ਭਾਈ ਠਾਕਰਸਿੰਘ

ਊੜਾ ਇਕ ਓਅੰਕਾਰ ਪ੍ਰਮਾਤਮਾ ਜੋ,
ਉਸਦਾ ਅੰਤ ਹਿਸਾਬ ਨਾ ਆਂਵਦਾ ਈ।
ਕਦੇ ਜੰਗਲਾਂ ਦੇ ਵਿਚ ਕਰੇ ਮੰਗਲ,
ਕਦੇ ਸ਼ਹਿਰ ਉਜਾੜ ਬਨਾਂਵਦਾ ਈ।
ਬਾਦਸ਼ਾਹ ਨੂੰ ਕਦੇ ਕੰਗਾਲ ਕਰਦਾ,
ਤੇ ਕੰਗਾਲ ਨੂੰ ਤਖਤ ਬਠਾਂਵਦਾ ਈ।
ਜਿਥੇ ਜੰਡ ਕਰੀਰ ਨਾ ਨਜਰ ਆਵੇ,
ਕਦੇ ਸੋਹਣੇ ਬਾਗ ਲਗਾਂਵਦਾ ਈ।
ਜਿਨਾਂ ਬੂਟਿਆਂ ਨੂੰ ਨਹੀਂ ਪਤ ਲਗਦੇ,
ਕਦੇ ਅੰਬ ਅਨਾਰ ਲਗਾਂਵਦਾ ਈ।
ਜਿਥੇ ਕਦੀਆਂ ਕਲੀਆਂ ਨਜ਼ਰ ਆਵਨ,
ਕਦੇ ਸੋਹਣੇ ਮੈਹਲ ਪਵਾਂਵਦਾ ਈ।
ਜੇਹੜੇ ਲੱਖਾਂ ਰੁਪਯਾਂ ਦੇ ਵਣਜ ਕਰਦੇ,
ਕਦੇ ਨੌਕਰੀ ਚਾਇ ਕਰਾਂਵਦਾ ਈ।

Digitized by Panjab Digital Library | www.panjabdigilib.org

ਕਿਸੇ ਰੋਜ ਦਵਾਂਵਦਾ ਬੜੀ ਪਦਵੀ,
ਕਦੇ ਔਂਦਿਓਂ ਚਾਇ ਗ਼ਰਾਂਵਦਾ ਈ।
ਕਿਸੇ ਰੋਜ ਬਹਾਂਵਦਾ ਕੁਰਸੀਆਂ ਤੇ,
ਕਦੇ ਟੋਕਰੀ ਸਿਰ ਚੁਕਾਂਵਦਾ ਈ।
ਹਥੀਂ ਅਪਣੀ ਕਦੇ ਪਿਆਰ ਕਰਦਾ,
ਕਦੇ ਮਾਰ ਚਪੇੜ ਰੁਵਾਂਵਦਾ ਈ।
ਕਦੇ ਵਿਚ ਨਸੀਬ ਬੈਕੁੰਠ ਕਰਦਾ,
ਕੁੰਭੀ ਨਰਕ ਨੂੰ ਕਦੇ ਭੁਗਾਂਵਦਾ ਈ।
ਕਦੇ ਖੁਸ਼ੀਏ ਵਿਚ ਚਾਂ ਗ਼ਮੀ ਕਰਦਾ,
ਕਦੇ ਗ਼ਮੀਂ ਤੋਂ ਖੁਸ਼ੀ ਕਰਾਂਵਦਾ ਈ।
ਕਦੇ ਜੰਗਲਾਂ ਵਿਚ ਖ੍ਵਾਰ ਕਰਦਾ,
ਕਦੇ ਨਾਲ ਆਰਾਮ ਬਠਲਾਂਵਦਾ ਈ।
ਠਾਕਰ ਸਿੰਘ ਨਾ ਓਦਾ ਸ਼ਰੀਕ ਕੋਈ,
ਰਬ ਕਰੇ ਜੋੜੀ ਮਨ ਭਾਂਵਦਾ ਈ।੧।
ਐੜਾ ਕਹੇ ਆਖਰ ਪਛਤਾਵਸੇਂ ਗਾ,
ਬੰਦੇ ਕਰਦੇ ਕੰਮ ਅਵਲੜੇ ਈ।
ਪੰਡ ਪਾਪ ਦੀ ਬੰਨ੍ਹਕੇ ਤੁਰਪਿਓਂ ਤੂੰ,
ਬੱਧਾ ਧਰਮ ਦਾ ਖਰਚ ਨਾ ਪੱਲੜੇ ਈ।
ਜਿਨ੍ਹਾਂ ਧਰਮ ਨੂੰ ਸਾਂਭ ਕੇ ਰੱਖ ਲਿਆ,

Digitized by Panjab Digital Library | www.panjabdigilib.org

ਦੇਖ ਉਹ ਬਹਿਸ਼ਤ ਨੂੰ ਚਲੜੇ ਈ।
ਜਿਨ੍ਹਾਂ ਧਰਮ ਈਮਾਨ ਨੂੰ ਰੱਖ ਲਿਆ,
ਕਰਮ ਉਨ੍ਹਾਂ ਦੇ ਜਾਣਸਵੱਲੜੇ ਈ।
ਜਪ ਰਾਮ ਦਾ ਨਾਮ ਤੂੰ ਬੰਦਿਆ ਓਏ,
ਤੈਨੂੰ ਮੌਤ ਸੁਨੇਉੜੇ ਘਲੜੇ ਈ।
ਕਰਨਾਂ ਗੋਰ ਦੇ ਵਿਚ ਨਿਵਾਸ ਬੰਦੇ,
ਕਾਹਨੂੰ ਮੈਹਲ ਤੇ ਮੂਰਖਾ ਮਲੜੇ ਈ।
ਜਿਸ ਦੇਹੀ ਦਾ ਕਰੇਂ ਤੂੰ ਮਾਣ ਐਡਾ,
ਔਣਾ ਏਸ ਜ਼ਮੀਨ ਦੇ ਥਲੜੇ ਈ।
ਗੈਹਨਾ ਪੈਹਨ ਲੈ ਰੱਬ ਦੇ ਨਾਮ ਵਾਲਾ,
ਲਾਹ ਸੁਟ, ਤੂੰ ਛਾਪ ਤੇ ਛਲੜੇ ਈ।
ਜਿਨ੍ਹਾਂ ਸੈਹਬ ਦਾ ਨਾਮ ਵਸਾਰ ਦਿਤਾ,
ਵਿਚ ਮੌਤ ਕਠਿਆਲੜੀ ਗਲੜੇ ਈ।
ਠਾਕਰ ਸਿੰਘ ਨਾ ਜਿਨਾਂਨੇ ਨਾਮ ਜਪਿਆ,
ਕਾਲ ਬਲੀ ਨੇ ਆਣ ਚਬਲੜੇ ਈ।੨।
ਈੜੀ ਕਹੇ ਈਸ਼ਰ ਤੇਰ ਨਾਮ ਬਿਨਾਂ,
ਹੋਰ ਕੂੜ ਸਭ ਕਾਰ ਵਿਹਾਰ ਬਨਿਆਂ।
ਬੰਦਾ ਗਲਤੀਆਂ ਵਿਚ ਗਲਤਾਨ ਹੋਇਆ,
ਮੂੰਹੋਂ ਕਹੇ ਮੈਂ ਬੜਾ ਹੁਸ਼ਿਆਰ ਬਨਿਆਂ।

Digitized by Panjab Digital Library | www.panjabdigilib.org

ਤੇਰੇ ਨਾਮ ਤੋਂ ਬਿਨਾ ਨਾਂ ਮੀਤ ਕੋਈ,
ਐਵੇਂ ਜਗ ਏ ਕੂੜ ਪਸਾਰ ਬਨਿਆ
ਭਾਈ ਬੰਦ ਸਭ ਆਪਣੇ ਸੁਖਾਂ ਦੇ ਨੇ,
ਬਿਨਾਂ ਮਤਲਬੋਂ ਨਾ ਕੋਈ ਯਾਰ ਬਨਿਆ
ਸਭ ਝੂਠ ਫਰੇਬ ਦੇ ਕਰੇ ਸੌਦੇ,
ਸਹੇ ਨਾਮ ਦਾ ਨਾ ਖਰੀਦਾਰ ਬਨਿਆਂ
ਚੜੇ ਟਮ ਟਮਾਂ ਮੋਟਰਾਂ ਬਘੀਆਂ ਤੇ,
ਘੋੜੇ ਨਫਸ ਦਾ ਨਾ ਅਸਵਾਰ ਬਨਿਆਂ
ਮੁਸ਼ਕਲ ਪਈ ਨੂੰ ਤੋੜ ਪਰੀਤ ਜਾਂਦੇ,
ਝੂਠਾ ਜਗ ਤੇ ਮੋਹ ਪਿਆਰ ਬਨਿਆ।
ਬਿਨਾਂ ਬੰਦਗੀ ਹੋਵਣੀ ਮੁਕਤ ਨਾਹੀਂ,
ਠਾਕਰ ਸਿੰਘ ਤੂੰ ਫਿਰੇ ਗੁਵਾਰ ਬਨਿਆ।੩
ਸੱਸਾ ਆਖਦਾ ਗਾਫਲਾ ਸੁਰਤ ਕਰ ਤੂੰ,
ਐਵੇਂ ਸੁਤਿਆਂ ਰੈਨ ਵਿਹਾ ਗਈ।
ਬੁਰਾ ਕਰੇਂ ਤੂੰ ਖੂਬ ਹੁਸ਼ਿਆਰ ਹੋਕੇ,
ਨੀਂਦ ਰਬ ਦੇ ਨਾਮ ਤੋਂ ਆ ਗਈ।
ਸਾਰੀ ਉਮਰ ਨਾ ਕੀਤੋ ਈ ਕੰਮ ਚੰਗਾ,
ਮੌਤ ਆਪਣਾ ਫੰਦ ਚਲਾ ਗਈ।
ਤੈਨੂੰ ਕਦੇ ਦੀ ਗੋਰ ਉਡੀਕ ਦੀ ਸੀ,

Digitized by Panjab Digital Library | www.panjabdigilib.org

ਹੋਣੀ ਆਪਣਾ ਢੋਲ ਵਜਾ ਗਈ ।
ਬਿਨਾਂ ਨਾਮ ਤੋਂ ਬੰਦਿਆ ਮੌਤ ਪਾਪਣ,
ਤੇਰੀ ਜਿੰਦ ਨੂੰ ਪਕੜ ਕੇ ਖਾ ਗਈ ।
ਚੋਲਾ ਵਾਹਿਗੁਰੂ ਨਾਮਦਾ ਪਾਇਆ ਨਾਂ,
ਮੌਤ ਚੰਦਰੀ ਕਫਨ ਪੈਹਨਾ ਗਈ ।
ਜਰਾ ਸੁਰਤ ਕਰ ਗਾਫਲਾ ਸੌਂਦਿਓ,
ਮੌਤ ਚੋਬੜਾ ਮਾਰ ਜਗਾ ਗਈ ।
ਠਾਕਰ ਸਿੰਘ ਭਗਵਾਨ ਦੇ ਨਾਮ ਬਾਝੋਂ,
ਤੈਨੂੰ ਦੋਜਖਾਂ ਦੇ ਵਿਚ ਪਾ ਗਈ ।੪।
ਹਾਹਾ ਆਖਦਾ ਹੋ ਹੁਸ਼ਿਆਰ ਰਹਿਣਾ,
ਗਡੀ ਮੌਤ ਦੀ ਬੰਦਿਆ ਆਵਣਾ ਈ ।
ਬਾਬੂ ਕਾਲਨੇ ਆਇਕੇ ਟਿਕਟ ਦੇਣੀ,
ਟੈਂਮ ਜਮਾਂ ਨੇ ਆਣ ਸੁਨਾਵਣਾਂ ਈ ।
ਸੰਗਲ ਡੌਨ ਕਰਨਾ ਅਜਰਾਈਲ ਨੇ ਜੋ,
ਕਾਂਟਾ ਟੈਮ ਦੇ ਨਾਲ ਦਬਾਵਣਾ ਈ ।
ਮਾਤਲੋਕ ਦੇ ਟੇਸ਼ਨੋਂ ਕੂਚ ਕਰਨਾ,
ਮੁਲਕ ਅਦਮ ਨੂੰ ਤੁਰਤ ਸਧਾਵਣਾਂਈਂ ।
ਧਰਮ ਰਾਜ ਦੇ ਜਾਇਕੇ ਪੇਸ਼ ਹੋਣਾਂ,
ਖਬਰ ਕੀ ਉਸ ਹੁਕਮ ਸੁਨਾਵਣਾਂਈਂ ।

Digitized by Panjab Digital Library | www.panjabdigilib.org

ਚਿਤ੍ਰਗੁਪਤ ਬੈਠੇ ਵਹੀਆਂ ਕਢਕੇ ਤੇ,
ਓਨਾਂ ਸਭ ਹਸਾਬ ਵਖਾਵਣਾ ਈਂ
ਪੁੰਨ ਦਾਨ ਜੋ ਧਰਮ ਨਵਿਰਤ ਕਰਕੇ,
ਡੇਰਾ ਤਿਨਾਂ ਬਹਿਸ਼ਤ ਮੇਂ ਲਾਵਣਾਈਂ
ਜੇੜ੍ਹੇ ਧਰਮ ਈਮਾਨ ਨੂੰ ਛਡ ਦੇਨੇ,
ਭਾਹ ਨਰਕ ਦੀ ਵਿਚ ਤਪਾਵਣਾਈਂ।
ਜੇੜ੍ਹਾ ਨਿੰਦਿਆ ਕਿਸੇ ਦੀ ਕਰਨ ਵਾਲਾ,
ਓਨੂੰ ਪੁਠਿਆਂ ਕਰ ਟੰਗਾਵਣਾਈਂ।
ਮਾਰ ਮਾਰ ਕੇ ਖ਼ੱਲ ਉਧੇੜ ਦੇਣੀ,
ਘੁਟ ਪਾਣੀ ਦੇ ਤੋਂ ਤਰਸਾਵਣਾਈਂ।
ਜਿਸਨੇ ਕੰਨਿਆਂ ਵੇਚਕੇ ਲਿਆ ਪੈਸਾ,
ਸਪ ਜੀਭ ਦੇ ਉਤੇ ਲੜਾਵਣਾਈਂ।
ਸੀਖਾਂ ਤਤੀਆਂ ਲੌਂਣ ਸਰੀਰ ਉਤੇ,
ਅਗੋਂ ਹੋ ਨਾ ਕਿਸੇ ਛੁਡਾਵਣਾਈਂ।
ਜਿਨਾਂ ਗਊ ਗਰੀਬ ਨੂੰ ਦੁਖ ਦਿਤਾ,
ਚੁਕ ਅਰਸ਼ ਤੋਂ ਫਰਸ਼ ਪਟਕਾਵਣਾਈਂ।
ਜਿਨਾਂ ਮੈਂ ਨੂੰ ਅੰਦਰੋਂ ਮਾਰ ਲਿਆ,
ਵਾਕ ਤਿਨਹਾ ਦਾ ਸਤ ਹੋਜਾਵਣਾਈਂ।
ਜੇੜ੍ਹੇ ਨਿੰਦਿਆ ਕਿਸੇ ਦੀ ਕਰਨ ਐਵੇਂ,

Digitized by Panjab Digital Library | www.panjabdigilib.org

ਓਨਹਾਂ ਬੱਧਿਆਂ ਨੇ ਮਰ ਜਾਵਣਾ ਈ ।
ਠਾਕਰਸਿੰਘ ਭਗਵਾਨ ਦਾ ਨਾਮਜਪਲੈ,
ਜੇਕਰ ਅੰਤ ਬੰਦੇ ਸੁਖ ਪਾਵਣਾਈ ।੫।
ਕੱਕਾ ਕੂੜਦੀ ਧੂੜ ਸਮਾਇ ਰਿਹੋਂ,
ਜਰਾ ਸੱਚ ਦਾ ਕਰਮ ਕਮਾ ਲਈਂ ।
ਭਜਨ ਰੱਬਦੇ ਨਾਲ ਕਰ ਸਾਫ ਦਿਲਨੂੰ,
ਜਰਾ ਦਾਗ ਨਾ ਦੇਹ ਨੂੰ ਲਾ ਲਈਂ ।
ਜਾਪ ਕਰੀ ਤੂੰ ਬੰਦਿਆ ਦਿਨੇ ਰਾਤੀ,
ਰਾਮ ਨਾਮ ਦੇ ਨਾਲ ਨਿਵ ਲਾ ਲਈਂ ।
ਹੋਰ ਕੰਮ ਤੂੰ ਗ਼ਾਫਲਾ ਫੇਰ ਕਰੀਂ,
ਪਹਿਲਾਂ ਚਿਤ ਨੂੰ ਕਰ ਸਫਾ ਲਈਂ ।
ਕਰੀਂ ਸ਼ਾਂਤੀ ਦੇ ਨਾਲ ਕੰਮ ਸਾਰੇ,
ਬੁਰਜ ਹੰਗਤਾਂ ਨੂੰ ਜਰਾ ਢਾਹ ਲਈਂ ।
ਬੁਰੇ ਕੰਮ ਤੋਂ ਬੰਦਿਆ ਬਾਜ ਆ ਜਾ,
ਨੇਕੀ ਏਸ ਜਹਾਨ ਤੋਂ ਪਾ ਲਈਂ ।
ਭਲੇ ਕੰਮਨੂੰ ਕਰੀ ਤੂੰ ਚਿਤ ਲਾਕੇ,
ਬੁਰੇ ਕੰਮ ਤੋਂ ਚਿਤ ਹਟਾ ਲਈ ।
ਸੰਗਤ ਭਲੇਦੀ ਕਰੀਂ ਹਮੇਸ਼ ਬੰਦੇ,
ਬੁਰੇ ਪੁਰਸ਼ ਤੋਂ ਚਿਤ ਚੁਰਾ ਲਈਂ ।

Digitized by Panjab Digital Library | www.panjabdigilib.org

ਤੇਰੇ ਚਿੱਤ ਨੂੰ ਲਗੇ ਪਿਆਸ ਜੇਕਰ,
ਨਾਮ ਆਬ ਹਯਾਤ ਪਲਾ ਲਈਂ।
ਠਾਕਰ ਸਿੰਘ ਪਰਮਾਤਮਾ ਯਾਦ ਰਖੀਂ,
ਭੁਖ ਨਾਮ ਦੇ ਨਾਲ ਮਿਟਾ ਲਈਂ।੬।
ਖੱਖਾ ਆਖਦਾ ਖੋਲਕੇ ਦੇਖ ਅੱਖਾਂ,
ਦੁਨੀਆ ਸਬ ਮਕਾਨ ਫਨਾਹ ਦਾ ਈ।
ਉਮਰਵਿਚ ਬਦਫੈਲੀਆਂ ਗੁਜ਼ਰ ਗਈ,
ਬੰਦੇ ਕਰੀਂ ਖਿਆਲ ਆਗਾਂਹਾ ਦਾ ਈ।
ਵੇਲਾ ਮੌਤ ਦਾ ਆਨ ਨਜਦੀਕ ਪੌਂਹਚਾ,
ਰਖੀਂ ਖਿਆਲ ਨਾਂ ਫੇਰ ਪਛਾਹਾਂ ਦਾਈ।
ਪੈਸਾ ਧਰਮ ਦੇ ਬੰਕ ਮੇਂ ਜਮਾ ਨਾਹੀਂ,
ਕਿਵੇਂ ਉਤਰੇ ਗਾ ਕਰਜ ਸ਼ਾਂਹ ਦਾ ਈ।
ਬੰਦਾ ਜਾਲ ਸ਼ੈਤਾਨ ਦੇ ਵਿਚ ਦਾਬੂ,
ਭਲਾ ਛਡਕੇ ਬੁਰੇ ਨੂੰ ਡਾਂਹਵਦਾ ਈ।
ਅੱਠੇ ਪੈਹਰ ਭਗਵਾਨ ਦਾ ਨਾਮ ਸਿਮਰੇ,
ਜੇਹੜਾ ਆਪਣੇ ਭਲੇ ਨੂੰ ਚਾਂਹਵਦਾ ਈ।
ਪੰਜ ਤੱਤ ਦਾ ਬੁਰਜ ਉਸਾਰ ਕੇ ਤ,
ਹੱਥੀਂ ਆਪ ਪ੍ਰਮਾਤਮਾ ਢਾਂਵਦਾ ਈ।
ਠਾਕਰਸਿੰਘ ਪ੍ਰਮਾਤਮਾ ਚਾਹੇ ਜਿਦਰ,

Digitized by Panjab Digital Library | www.panjabdigilib.org

ਇਕ ਪਲਕ ਮੇਂ ਦੇਖਲੈ ਡਾਹਵਦਾ ਈ ।੭।

ਗੱਗਾ ਕਹੇ ਗਿਆਨ ਬਿਨ ਸਮਝ ਨਾਹੀਂ
ਅਤੇ ਸੁਖ ਨਾਂ ਬਿਨਾਂ ਵਿਚਾਰ ਦੇ ਜੀ ।
ਜਿਨ੍ਹਾਂ ਆਪਨੇ ਚਿਤ ਨੂੰ ਮਾਰ ਲਿਆ,
ਨਹੀਂ ਦੂਸਰੇ ਜੀਵ ਨੂੰ ਮਾਰਦੇ ਜੀ
ਜੇਹੜੇ ਵਿਚ ਦਿਮਾਗ ਦੇ ਭਰੇ ਰੈਂਹਦੇ,
ਨਹੀਂ ਕਿਸੇ ਦੀ ਗਲ ਸਹਾਰਦੇ ਜੀ ।
ਜਿਤ ਲੈਣ ਉਹ ਸਾਰਿਆਂ ਪਾਸਿਆਂ ਨੂੰ,
ਪੰਜੇ ਚੋਰ ਜੋ ਅੰਦਰੋਂ ਮਾਰਦੇ ਜੀ ।
ਸੰਗਤ ਜਿਨਾਂ ਨੇ ਕਰੀ ਪਰਮਾਤਮਾ ਦੀ,
ਰਾਮ ਨਾਮ ਨੂੰ ਚਿਤ ਮੇਂ ਧਾਰਦੇ ਜੀ ।
ਜੇਹੜੇ ਰਬਦੇ ਨਾਮ ਤੇ ਹੋਏ ਸਿਧੇ,
ਓਹ ਕੀ ਜਾਣਦੇ ਕੰਮ ਸੰਸਾਰ ਦੇ ਜੀ ।
ਲੋੜ ਜਿਨਾਂ ਨੂੰ ਸੁਖ ਦੇ ਵੇਖਣੇ ਦੀ,
ਅਠੇ ਪਹਿਰ ਨਾ ਨਾਮ ਵਸਾਰ ਦੇ ਜੀ ।
ਜੇਹੜੇਰਬਦੇ ਭਜਨਵਿਚ ਮਗਨ ਰਹਿੰਦੇ,
ਓਹ ਕੀ ਜਾਣ ਦੇ ਸੈਰ ਬਜਾਰ ਦ ਜੀ ।
ਜਿਨਾਂ ਰਬ ਦੇ ਨਾਮ ਦਾ ਸਬਕ ਪੜਿਆਂ,
ਓਹ ਕੀਜਾਣਦੇ ਹਰਫ ਅਖਬਾਰਦੇਜੀ ।

Digitized by Panjab Digital Library | www.panjabdigilib.org

ਠਾਕਰਸਿੰਘ ਹੈ ਜਿਨਾਂ ਨੇ ਸੱਚ ਫੜਿਆ,
ਨਹੀਂ ਝੂਠ ਵਿੱਚ ਪੈਰ ਪਸਾਰ ਦੇ ਜੀ।
ਘੁੱਘਾ ਆਖਦਾ ਘੋਲਕੇ ਸਚ ਪੀਲੈ,
ਝੰਦੇ ਝੂਠ ਨੂੰ ਦਿਲੋਂ ਵਸਾਰ ਲਈ
ਮਨਾ ਛਡਦੇ ਝੂਠ ਦੇ ਵਣਜ ਕਰਨੇ,
ਅਤੇ ਸਚ ਦਾ ਕਰ ਵਪਾਰ ਲਈਂ॥
ਝੂਠ ਡੋਬ ਦੇਂਦਾ ਵਿਚ ਨੀਰ ਡੂੰਗੇ,
ਬੇੜਾ ਸਚ ਦੇ ਨਾਲ ਨਤਾਰ ਲਈਂ
ਝੂਠ ਅਖੀਆਂ ਦੇ ਵਿਚ ਪਿਆ ਰੜਕ,
ਸੁਰਮਾਂ ਸਚ ਦਾ ਬੰਦਿਆ ਪਾ ਲਈਂ।
ਝੂਠਵਿਚ ਕਚੈਹਰੀਆਂ ਨਸ਼ਰ ਕਰਦਾ,
ਜਰਾ ਸਚ ਗੁਵਾਹ ਬਨਾ ਲਈਂ।
ਝੂਠ ਰਬਦਾ ਨਾਮ ਨਾਂ ਜਪਣ ਦੇਂਦਾ,
ਮਾਲਾ ਸਚਦੀ ਜਰਾ ਫਿਰਾ ਲਈਂ।
ਝੂਠ ਕੈਦ ਕਰਾਂਵਦਾ ਜੇਹਲ ਅੰਦਰ,
ਸਚਨਾਲ ਗੁਨਾਹ ਬਖਸ਼ਾ ਲਈਂ।
ਝੂਠ ਨਾਲ ਅਤਬਾਰ ਨਾਂ ਕੋਈ ਕਰਦਾ,
ਸਚ ਨਾਲ ਵਿਹਾਰ ਕਰਾ ਲਈਂ।
ਝੂਠ ਨਾਲ ਦੁਕਾਨ ਨਾਂ ਚਲਦੀ ਏ,

Digitized by Panjab Digital Library | www.panjabdigilib.org

ਵਿਚ ਸਚ ਦੀ ਰਾਸ ਨੂੰ ਪਾ ਲਈਂ ।
ਝੂਠ ਦੂਰ ਕਰੀਂ ਚਿਤ ਆਪਣੇ ਤੋਂ,
ਅਤੇ ਸਚ ਨੂੰ ਵਿਚ ਵਸਾ ਲਈਂ ।
ਧੱਕਾ ਮਾਰਕੇ ਝੂਠ ਨੂੰ ਦੂਰ ਕਰਦੇ,
ਅਤੇ ਸੱਚ ਨੂੰ ਪਾਸ ਬਠਾ ਲਈਂ ।
ਝੂਠ ਨਾਲ ਪਰਮਾਤਮਾ ਹੋਵੇ ਗੁਸੇ,
ਓਹਨੂੰ ਸਚ ਦੇ ਨਾਲ ਮਨਾ ਲਈਂ ।
ਝੂਠ ਨਰਕ ਦੇ ਵਿਚ ਲੈ ਦਾਂਵਦਾ ਏ,
ਸਚ ਨਾਲ ਬੈਕੁੰਠ ਨੂੰ ਪਾ ਲਈਂ ।
ਝੂਠ ਬੋਲਿਆਂ ਜੇ ਧਰਮ ਡਿਗ ਪਵੇ,
ਅਤੇ ਸਚ ਦੇ ਨਾਲ ਉਠਾ ਲਵੀਂ ।
ਝੂਠ ਪਤ ਪ੍ਰਤੀਤ ਨਾਂ ਰਹਿਣ ਦੇਂਦਾ;
ਨਾਲ ਸਚ ਦੇ ਪ੍ਰੀਤ ਲਗਾ ਲਈ ।
ਠਾਕਰ ਸਿੰਘ ਇਸ ਝੂਠ ਤੋਂ ਪੈਣ ਧਕੇ,
ਓਥੇ ਸੱਚਦੀ ਅਰਜ ਸੁਨਾ ਲਈਂ ।੮।
ਫੁਫਾ ਕਹੇ ਫਿਆਨ ਗਿਆਨ ਬਿਨਾ,
ਮੰਦੇ ਤੈਂਡੜੇ ਹਾਲ ਹੋਜਾਵਨੀ ਗੇ ।
ਬਿਨਾਂ ਗਿਆਨ ਤੋਂ ਗਲ ਨਾ ਕਹੀਜਾਂਦੀ,
ਸੱਭੇ ਬੇਵਾਕੂਫ ਬੜਲਾਵਨੀ ਗੇ ।

Digitized by Panjab Digital Library | www.panjabdigilib.org

ਬਿਨਾਂ ਗਿਆਨਦੇ ਬੁਧ ਨਾ ਹੋਵੇ ਉਜਲ,
ਬਿਨਾਂ ਗਿਆਨ ਤੋਂ ਪਸੂ ਕਰਾਵਨੀ ਗੇ।
ਬਿਨਾਂ ਗਿਆਨਤੋਂ ਜਿੰਦਗੀ ਜਾਏ ਅੱਫਲ,
ਬਿਨਾਂ ਗਿਆਂਨ ਜਮਦੂਤ ਲੈ ਜਾਵਨੀ ਗੇ।
ਬਿਨਾਂ ਗਿਆਨ ਤੋਂ ਦੇਣਗੇ ਕਸ਼ਟ ਤੈਨੂੰ,
ਬਿਨਾਂ ਗਿਆਨ ਤੋਂ ਡੰਡ ਲਗਾਵਨੀ ਗੇ।
ਬਿਨਾਂ ਗਿਆਨ ਤੋਂ ਕਢ ਬਹਿਸ਼ਤ ਵਿਚੋਂ,
ਤੈਨੂੰ ਦੋਜ਼ਖਾਂ ਦੇ ਵਿਚ ਪਾਵਨੀ ਗੇ।
ਬਿਨਾਂ ਗਿਆਨਤੋਂ ਕੋਈ ਨਾਂ ਮੀਤ ਬਣਦਾ,
ਸਭੇ ਤੋੜ ਪਰੀਤ ਨੂੰ ਜਾਵਨੀ ਗੇ।
ਬਿਨਾਂ ਗਿਆਨ ਤੋਂ ਕਰੇਂ ਤਕੱਬਰੀ ਨੂੰ,
ਤੈਨੂੰ ਲੋਗ ਸਭ ਬੁਰਾ ਬਨਾਂਵਨੀ ਗੇ।
ਬਿਨਾਂ ਗਿਆਨ ਦੇ ਦੁਖ ਵਸੂਲ ਹੁੰਦੇ,
ਬਿਨਾਂ ਗਿਆਨ ਸਭ ਸੁਖ ਸਧਾਵਨੀ ਗੇ।
ਬਿਨਾਂ ਗਿਆਨ ਦੇ ਕੰਮ ਨਾ ਕੋਈ ਬਣਦਾ,
ਬਿਨਾਂ ਗਿਆਨ ਸਭੇ ਪਛਤਾਵਨੀ ਗੇ।
ਬਿਨਾਂ ਗਿਆਨ ਦੇ ਕੋਈ ਨਾਂ ਛੋਹਣ ਦੇਂਦਾ,
ਤੈਨੂੰ ਦੂਰ ਤੋਂ ਦੂਰ ਧਕਾਵਨੀ ਗੇ।
ਠਾਕਰਸਿੰਘ ਗਿਆਨ ਬਿਨ ਮੁਕਤ ਨਾਹੀਂ

Digitized by Panjab Digital Library | www.panjabdigilib.org

ਔਖੇ ਵੇਲੜੇ ਯਾਦ ਸਭ ਆਵਨੀ ਗੇ।੧੦।
ਚਚਾ ਆਖਦਾ ਚਿਤ ਮੇ ਸਮਝ ਬੰਦੇ,
ਔਖੇ ਵੇਲੜੇ ਕੋਈ ਨਾਂ ਯਾਰ ਹੋਵੇ।
ਔਖੇ ਵੇਲੜੇ ਮੀਤ ਸਭ ਨਸ ਜਾਂਦੇ,
ਨਾਲ ਜਿਨ੍ਹਾਂ ਦੇ ਬੜਾ ਪਿਆਰ ਹੋਵੇ।
ਔਖੇ ਵੇਲੜੇ ਕੋਈ ਨਾਂ ਦੇਵੇ ਪਾਣੀ,
ਭਾਵੇਂ ਕਿਤਨੀ ਜਾਨ ਲਚਾਰ ਹੋਵੇ।
ਔਖੇ ਵੇਲੜੇ ਤੋੜ ਪਰੀਤ ਜਾਂਦਾ,
ਭਾਂਵੇ ਕਿਤਨਾ ਯਾਰ ਗਮ ਖਾਰ ਹੋਵੇ।
ਔਖੇ ਵੇਲੜੇ ਤੋੜ ਜਵਾਬ ਦੇਂਦਾ,
ਲੈਣਾਂ ਕਿਸੇ ਤੋਂ ਜੇ ਉਧਾਰ ਹੋਵੇ।
ਔਖੇ ਵੇਲੜੇ ਕੋਈ ਨਾ ਚੀਜ ਮਿਲਦੀ,
ਭਾਵੇਂ ਕਿਤਨਾ ਸ਼ੈਹਰ ਬਜਾਰ ਹੋਵੇ।
ਔਖੇ ਵੇਲੜੇ ਰਾਮ ਦਾ ਨਾਮ ਲੈਂਦਾ,
ਮੁਲਕ ਅਦਮ ਨੂੰ ਜਦੋਂ ਤਿਆਰ ਹੋਵੇ।
ਠਾਕਰ ਸਿੰਘ ਔਖੇ ਵੇਲੇ ਕਹੇ ਬੰਦਾ,
ਮੇਰਾ ਰਬ ਦੇ ਨਾਲ ਪਿਆਰ ਹੋਵੇ।੧੧।
ਛੱਛਾ ਆਖਦਾ ਸ਼ਰਮ ਗਵਾਇ ਛੱਡੀ,
ਬੰਦੇ ਰਬਦਾ ਖੌਫ ਉਤਾਰ ਕੇ ਤੇ।

Digitized by Panjab Digital Library | www.panjabdigilib.org

ਫਿਰੇਂ ਠਗੀਆਂ ਨਿਤ ਕਮਾਂਵਦਾ ਤੂੰ,
ਦਿਲੋਂ ਸਾਹਿਬ ਦਾ ਨਾਮ ਉਤਾਰ ਕੇ ਤੇ।
ਜਿਨ੍ਹਾਂ ਸੱਚ ਦਾ ਰਾਹ ਪਛਾਣ ਲਿਆ,
ਬੈਠੇ ਝੂਠ ਨੂੰ ਪਰਾਂ ਧ੍ਰਿਕਾਰ ਕੇ ਤੇ।
ਜੇਕਰ ਰੱਬ ਨੂੰ ਬੰਦਿਆ ਚਾਹੇ ਮਿਲਨਾ,
ਰਬ ਮਿਲੂਗਾ ਸਚ ਨਿਤਾਰ ਕੇ ਤੇ।
ਤੂੰਹੀਂ ਤੂੰਹੀਂ ਦਾ ਅੰਦਰੋਂ ਜਾਪ ਕਰਨਾ,
ਵਿਚੋਂ ਆਪਣੀ ਮੈਂ ਨੂੰ ਮਾਰ ਕੇ ਤੇ।
ਜੇਕਰ ਸੁਖ ਦੀ ਤੁਧ ਨੰ ਖਾਹਸ਼ ਹੋਵੇ,
ਸੁਖ ਮਿਲੂਗਾ ਦੁਖ ਸਹਾਰਕੇ ਤੇ।
ਫੇਰ ਦੂਸਰੇ ਨੂੰ ਦਈਂ ਮੱਤ ਚੰਗੀ
ਪੈਹਲਾਂ ਆਪਣਾ ਰਿਦਾ ਸੁਵਾਰ ਕੇ ਤੇ।
ਠਾਕਰ ਸਿੰਘ ਨਾ ਝੂਠ ਤੇ ਰੱਬ ਰਾਜ਼ੀ,
ਭਾਵੇਂ ਵੇਖਲੈ ਗ੍ਰੰਥ ਵਿਚਾਰ ਕੇ ਤੇ॥੧੨॥
ਜਜਾ ਆਖਦਾ ਜਿੰਦੜੀ ਜਾਇ ਰਹੀ,
ਜਾਂਦੀ ਵਾਰ ਤੂੰ ਭਲਾ ਕਮਾ ਛੱਡੀਂ।
ਮਾਇਆ ਜੋੜਕੇ ਬੈਂਕਮੇਂ ਜਮਾ ਕੀਤੀ,
ਏਨੂੰ ਧਰਮ ਤੇ ਖਰਚ ਕਰਾ ਛੱਡੀਂ।
ਜਾਂਦੀ ਵਾਰ ਨਾ ਜਾਵਣੀ ਨਾਲ ਤੇਰੇ,

Digitized by Panjab Digital Library | www.panjabdigilib.org

ਹੱਥੀਂ ਆਪਣੀ ਦਾਨ ਕਰਾ ਛੱਡੀਂ।
ਕਥੀਂ ਗਰਕ ਨਾ ਏਸ ਨੂੰ ਧਰਤ ਥੱਲੇ,
ਜਰਾ ਧਰਮ ਦੀ ਹਵਾ ਲਵਾ ਛੱਡੀਂ।
ਰਹੇ ਜਗਤੇ ਨਾਮ ਨਸ਼ਾਨ ਤੇਰਾ,
ਕੋਈ ਖੂਹ ਤਲਾਬ ਲਗਾ ਛੱਡੀਂ।
ਭੋਜਨ ਦੇਈਂ ਤੂੰ ਸਾਧ ਫਕੀਰ ਤਾਈਂ,
ਬੰਦੇ ਯੱਗ ਅਸਮੇਧ ਰਚਾ ਛੱਡੀ।
ਮਾਇਆ ਨਾਮ ਦੀ ਬੰਦਿਆ ਸਾਂਭਲਈਂ,
ਸਚਾ ਸ਼ਾਹ ਤੂੰ ਫੇਰ ਕਹਾ ਛੱਡੀਂ।
ਮਾਇਆ ਝੂਠ ਦੀ ਦਿਲੋਂ ਤਿਆਗ ਦੇਵੀਂ,
ਪੈਸਾ ਸਚ ਦਾ ਸੰਗ ਰਲਾ ਛੱਡੀਂ।
ਮਾਇਆ ਮੋਹਨੀ ਨੂੰ ਹਥੋਂ ਸੁਟ ਦੇਵੀਂ,
ਨੋਟ ਧਰਮ ਦਾ ਪਕੜ ਛਪਾ ਛੱਡੀਂ।
ਮਾਇਆ ਵੈਰ ਪਵਾਂਵਦੀ ਜਗ ਅੰਦਰ,
ਸੋਟਾ ਭਜਨ ਦਾ ਹਥ ਉਠਾ ਛੱਡੀਂ।
ਮਾਇਆ ਵਾਸਤੇ ਮਾਰਸਨ ਚੋਰ ਤੈਨੂੰ,
ਅਗੋਂ ਧਰਮ ਦੀ ਢਾਲ ਉਠਾ ਛੱਡੀਂ।
ਠਾਕਰ ਸਿੰਘ ਸੰਸਾਰ ਦੇ ਜਿੱਤਨੇ ਨੂੰ,
ਪਾਸ ਧਰਮ ਗੁਵਾਹ ਬਨਾ ਛੱਡੀਂ ।੧੩।

Digitized by Panjab Digital Library | www.panjabdigilib.org

ਝੱਝਾ ਆਖਦਾ ਝੂਠ ਫਰੇਬ ਕੋਲੋਂ,
ਬੰਦੇ ਡਰੀਂ ਤੂੰ ਰਬਦਾ ਵਾਸਤਾ ਈ।
ਸਚ ਛੱਡਕੇ ਤੇ ਝਠੀ ਕਸਮ ਖਾਣੋਂ,
ਬੰਦੇ ਡਰੀਂ ਤੂੰ ਰਬਦਾ ਵਾਸਤਾ ਈ।
ਕਾਮ ਕ੍ਰੋਧ ਤੇ ਲੋਭ ਹੰਕਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।
ਸੱਚ ਛੱਡਕੇ ਝੂਠ ਪਰਚਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸ਼ਤਾ ਈ।
ਭਲਾ ਛੱਡਕੇ ਬੁਰੇ ਵਿਹਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।
ਸਾਧ ਛੱਡਕੇ ਚੋਰਦੇ ਪਿਆਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।
ਨਕਦ ਛੱਡਕੇ ਝੂਠ ਉਧਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।
ਮੰਦੇ ਕਰਮ ਵਿਚ ਹੋਣ ਖੁਵਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।
ਭਜਨ ਛੱਡਕੇ ਸੈਰ ਬਜਾਰ ਕੋਲੋਂ,
ਬੰਦੇ ਡਰੀਂ ਤੂੰ ਰੱਬਦਾ ਵਾਸਤਾਈ।
ਠਾਕਰ ਸਿੰਘ ਕੁਪੱਤ ਬੁਰਿਆਰ ਕੋਲੋਂ,

Digitized by Panjab Digital Library | www.panjabdigilib.org

ਬੰਦੇ ਡਰੀਂ ਤੂੰ ਰੱਬਦਾ ਵਾਸਤਾ ਈ।੧੪।
ਵਵਾ ਆਖਦਾ ਨਾਮ ਤੋਂ ਬਿਨਾ ਬੰਦੇ,
ਸਿਰਤੇ ਮੌਤਨੇ ਆਇਕੇ ਝੂਲ ਜਾਣਾ।
ਸ਼ਮਾ ਜਗੇ ਜੋ ਗਾਫਲਾ ਵਿਚ ਤੇਰੇ,
ਇਕ ਰੋਜ ਹੋ ਏਸਨੇ ਗੁਲ ਜਾਣਾਂ।
ਸ਼ਰਬਤ ਆਬ ਹਯਾਤ ਦਾ ਪੀਲੈ ਤੂੰ,
ਬਿਨਾਂ ਬੰਦਗੀ ਏਸਨੇ ਡੁਲ ਜਾਣਾਂ।
ਨਹੀਂ ਹੋਵਣੀ ਤੁਧ ਨੂੰ ਖਬਰ ਕੋਈ,
ਮੌਤ ਮਾਰ ਗੁਲਾਬ ਦਾ ਫੁਲ ਜਾਣਾਂ।
ਧਰਮ ਰਾਜ ਦੇ ਜਾਇਕੇ ਪੇਸ਼ ਹੋਣਾਂ,
ਉਥੇ ਝੂਠਤੇ ਸਚ ਨੇ ਤੁਲ ਜਾਣਾਂ।
ਬਿਨਾ ਬੰਦਗੀ ਤੈਂਦੜੇ ਕੌਣ ਬੇਲੀ,
ਤੇਰੇ ਮਿਤਰਾਂ ਨੇ ਤੈਨੂੰ ਭੁਲ ਜਾਣਾਂ।
ਨਹੀਂ ਮਿਲੇ ਬਹਿਸ਼ਤ ਦੇ ਵਿਚ ਢੋਈ,
ਬੂਹਾ ਨਰਕ ਦਾ ਅਗਿਓਂ ਖੁਲ ਜਾਣਾਂ।
ਠਾਕਰ ਸਿੰਘ ਜੋ ਰੱਬਦੇ ਨਾਮ ਬਿਨਾ,
ਕੌਡੀ ਹੋ ਬੰਦੇ ਤੇਰਾ ਮੁਲ ਜਾਣਾਂ।੧੫।
ਟੈਂਕਾਂ ਆਖਦਾ ਟੋਰਲੈ ਮੀਤ ਸਭੇ,
ਬਿਨਾਂ ਮਤਲਬੋਂ ਕੋਈ ਬੁਲਾਂਵਦਾ ਨਾ।

Digitized by Panjab Digital Library | www.panjabdigilib.org

ਬਿਨਾਂ ਮਤਲਬੋਂ ਆਖਦਾ ਪਰੇ ਹੋਜਾ,
ਬਿਨਾਂ ਮਤਲਬੋਂ ਪਾਸ ਬਠਾਂਵਦਾ ਨਾ।
ਬਿਨਾਂ ਮਤਲਬੋਂ ਗੁਰੂ ਨੂੰ ਮੰਨਦਾਂ ਨਾ,
ਬਿਨਾਂ ਮਤਲਬੋਂ ਸੀਸ ਨਵਾਂਵਦਾਂ ਨਾ।
ਬਿਨਾ ਮਤਲਬੋਂ ਆਖਦਾ ਝੂਠ ਸਭੇ,
ਬਿਨਾ ਮਤਲਬੋਂ ਕਿਸੇ ਨੂੰ ਚਾਹਵਦਾ ਨਾ।
ਬਿਨਾ ਮਤਲਬੋਂ ਨਾ ਪੁੰਨ ਦਾਨ ਕਰਦਾ,
ਬਿਨਾਂ ਮਤਲਬੋਂ ਪੀਰ ਮਨਾਵਦਾ ਨਾ।
ਬਿਨਾਂ ਮਤਲਬੋਂ ਝੂਠਦੀ ਪੰਡ ਬੰਨੇ,
ਬਿਨਾਂ ਮਤਲਬੋਂ ਸੱਚ ਸੁਨਾਂਵਦਾ ਨਾਂ।
ਬਿਨਾਂ ਮਤਲਬੋਂ ਕਾਰ ਨਾ ਮੂਲ ਕਰਦਾ,
ਬਿਨਾਂ ਮਤਲਬੋਂ ਹੱਥ ਹਲਾਂਵਦਾ ਨਾ।
ਠਾਕਰਸਿੰਘ ਜਦ ਕਿਸੇ ਨੂੰ ਹੋਵੇ ਮਤਲਬ
ਫੇਰ ਜਰਾ ਭੀ ਉਜਰ ਉਠਾਂਵਦਾ ਨਾਂ।੧੬।
ਠਠਾ ਕਹੇ ਤੂੰ ਠਗੀਆਂ ਛਡਕੇ ਤੇ,
ਜਪੀਂ ਰਾਮ ਦਾ ਨਾਮ ਜਰੂਰ ਬੰਦੇ।
ਕਰੀਂ ਯਾਦ ਤੂੰ ਇਕ ਪਰਮਾਤਮਾਂ ਨੂੰ,
ਜਿਸ ਬਖਸ਼ਿਆ ਤੁਧ ਨੂੰ ਨੂਰ ਬੰਦੇ।
ਏਸ ਧਰਮ ਨੂੰ ਚੁਕ ਲਈਂ ਜੀ ਉੱਤੇ,

Digitized by Panjab Digital Library | www.panjabdigilib.org

ਬੇਈ ਮਾਨੀਆਂ ਨੂੰ ਕਰੀਂ ਦੂਰ ਬੰਦੇ।
ਭਲਾ ਕਰੇ ਜੋ ਕਿਸੇ ਦੇ ਨਾਲ ਪਿਆਰੇ,
ਇਵਜ਼ ਏਸਦਾ ਮਿਲੂ ਜਰੂਰ ਬੰਦੇ।
ਭਲੇ ਜਿਹਾ ਨਾਂ ਕੰਮ ਹੈ ਹੋਰ ਚੰਗਾ,
ਅਤੇ ਬੁਰੇ ਦੇ ਜਿਹਾ ਕਸੂਰ ਬੰਦੇ।
ਨਹੀਂ ਨੌਕਰੀ ਛੁਠਦੀ ਮੂਲ ਕਰਦੇ,
ਜੇਹੜੇ ਰੱਬਦੇ ਹੋਏ ਮਜਦੂਰ ਬੰਦੇ।
ਨਹੀਂ ਛੁਠਦੀ ਭੁਖ ਪਿਆਸ ਲਗਦੀ,
ਨਾਮ ਨਾਲ ਜੋ ਹੋਏ ਭਰਪੂਰ ਬੰਦੇ।
ਖਾਹਸ਼ ਜਿਨਾਂ ਨੂੰ ਰੱਬਦੇ ਮਿਲਨ ਦੀ ਏ,
ਮਿਲੇ ਤਿਨ੍ਹਾਂ ਨੂੰ ਆਪ ਹਜੂਰ ਬੰਦੇ।
ਕਰੰ ਬੰਦਗੀ ਸਾਹਿਬ ਦੀ ਦਿਨੇ ਰਾਤੀਂ,
ਚਿਤ ਵਿਚ ਨਾ ਹੋਵੀਂ ਮਗਰੂਰ ਬੰਦੇ।
ਉਮਰ ਗਾਫਲੀ ਦੇ ਵਿਚ ਬੀਤ ਗਈ,
ਐਵੇਂ ਰਿਹੋਂ ਤੂੰ ਬੇ ਸ਼ਹੂਰ ਬੰਦੇ।
ਜੇਹੜੇ ਵਿਚ ਤਕੱਬਰੀ ਭੁਜ ਗਏ ਸੀ,
ਉਹ ਤਪਦੇ ਵਾਂਗ ਤੰਦੂਰ ਬੰਦੇ।
ਜੇਕਰ ਹੁਣਭੀ ਗਾਫਲਾ ਸਮਝ ਜਾਵੇਂ,
ਤੈਨੂੰ ਬਖਸ ਲੈ ਰਬ ਗਫੂਰ ਬੰਦੇ।

Digitized by Panjab Digital Library / www.panjabdigilib.org

ਬਿਨਾਂ ਬੰਦਗੀ ਜਮਾਂ ਦੇ ਵੱਸ ਪੈਣਾਂ,
ਉਨਾਂ ਕੱਢ ਵੇਣਾਂ ਤੇਰਾ ਘੂਰ ਬੰਦੇ
ਸਾਰੀ ਉਮਰ ਤੂੰ ਨਾਮ ਵਸਾਰ ਕੇ ਤੇ,
ਕਰਮ ਆਪਣੇ ਨੂੰ ਰਿਹੋਂ ਝੂਰ ਬੰਦੇ
ਵਿਚੋਂ ਮੈ ਨੂੰ ਮਾਰ ਕੇ ਕਢ ਛੱਡੀਂ,
ਭਾਣਾਂ ਰੱਬਦਾ ਕਰੀਂ ਮਨਜੂਰ ਬੰਦੇ
ਠਾਕਰਸਿੰਘ ਭਗਵਾਨ ਦਾ ਜਾਪ ਕਰਲੈ,
ਛੁਟੇ ਦੋਜ਼ਕਾਂ ਤੋਂ ਪਹਿਲੇ ਪੂਰ ਬੰਦੇ।੧੭।
ਡੱਡਾ ਆਖਦਾ ਡਰੀਂ ਪਰਮਾਤਮਾ ਤੋਂ,
ਜਰਾ ਸੱਚਦੇ ਬਚਨ ਨੂੰ ਭਖ ਲਈਂ।
ਛਡੀਂ ਝੂਠ ਫਰੇਬ ਤੇ ਦਗਾ ਬਾਜੀ,
ਮਜ਼ਾ ਸਚਦਾ ਜਰਾ ਤੂੰ ਚਖ ਲਈਂ।
ਕਰੀਂ ਦੂਰ ਤੂੰ ਕਿਸੇ ਦੀ ਨਿੰਦਆ ਨੂੰ,
ਜਰਾ ਉਸਤੁਤੀ ਸਾਂਭਕੇ ਰਖ ਲਈਂ।
ਜਾਇ ਮਿਲੀ ਤੂੰ ਸੰਤ ਮਹਾਤਮਾਂ ਨੂੰ,
ਠਗ ਚੋਰ ਵਲੋਂ ਮੀਟ ਅਖ ਲਈਂ
ਝੂਠੇ ਕਾਰ ਵਿਹਾਰ ਨੂੰ ਛਡਕੇ ਤੇ,
ਨਾਮ ਰਬਦਾ ਵੇਖ ਪਰਤੱਖ ਲਈਂ।
ਸੁਟ ਦਈਂ ਤੂੰ ਦੂਈ ਦਵੈਤ ਤਾਈਂ,

Digitized by Panjab Digital Library | www.panjabdigilib.org

ਖੰਡ ਵਾਂਗ ਸੁਸੀਲਤਾ ਫਕ ਲਈਂ ।
ਭਲਾ ਕਰਨ ਨੂੰ ਜਰਾ ਨਾ ਡੇਰ ਲਾਵੀਂ,
ਬੁਰੇ ਕਰਮ ਤੋਂ ਬੰਦਿਆ ਝਕ ਲਈਂ ।
ਠਾਕਰ ਸਿੰਘ ਬੁਰਿਆਈਆਂ ਨੇਕੀਆਂ ਦਾ
ਬਿਵਜ ਬੰਦਿਆ ਤੂੰ ਵਖੋ ਵਖ ਲਈਂ ।੧੮।
ਢੱਡਾ ਢੂੰਡਕੇ ਦੇਖਿਆ ਜੱਗ ਸਾਰਾ,
ਲੋਕ ਮਤਲਬੀ ਰੱਬ ਭੁਲਾ ਬਹਿੰਦੇ ।
ਭਲੇ ਕਰਮ ਦੇ ਵਾਸਤੇ ਕਹੇ ਕੋਈ,
ਅਗੋਂ ਹੌਸਲਾ ਆਪਣਾ ਢਾਹ ਬਹਿੰਦੇ ।
ਜੇ ਕੋਈ ਭਲੇ ਦੀ ਗਲ ਨੂੰ ਕਹੇ ਜੇਕਰ,
ਧੌਣ ਵਿੰਗੜੀ ਕਰ ਵਖਾ ਬਹਿੰਦੇ ।
ਜੇਕਰ ਧਰਮ ਦੇ ਜੰਗ ਦੀ ਲੋੜ ਹੋਵੇ,
ਦੁਖੇ ਉਂਗਲੀ ਪਜ ਲਗਾ ਬਹਿੰਦੇ ।
ਝੂਠ ਬੋਲਦੇ ਵਿਚ ਕਚੈਹਰੀਆਂ ਦੇ,
ਕਸਮ ਝੂਠ ਦੀ ਜਾਣ ਕੇ ਖਾ ਬਹਿੰਦੇ ।
ਘਰੋਂ ਕਿਤਨੇ ਹੋਣ ਗਰੀਬ ਭਾਵੇਂ,
ਬਾਹਰ ਆਪਣਾ ਰੋਬ ਵਧਾ ਬਹਿੰਦੇ ।
ਪੈਹਨਣ ਮਲਮਲਾਂ ਖੂਬ ਇਕਤਾਰੀਆਂ ਨੂੰ,
ਸੋਟੀ ਹੱਥ ਦੇ ਵਿਚ ਲਟਕਾ ਬਹਿੰਦੇ

Digitized by Panjab Digital Library | www.panjabdigilib.org

ਘਰੋਂ ਬੰਨ੍ਹਦੇ ਜਾਣ ਲੰਗੋਟੀਆਂ ਨੂੰ,
ਬਾਹਰ ਕੋਟ ਪਤਲੂਨ ਸੁਵਾ ਬਹਿੰਦੇ
ਮੁਖ ਪਾਵਦੇ ਪਾਨ ਸੁਪਾਰੀਆਂ ਨੂੰ,
ਗਲ ਕਾਲਰ ਨਕਟਾਈ ਲਟਕਾ ਬਹਿੰਦੇ।
ਸੋਟੀ ਬੈਂਤ ਦੀ ਹੱਥ ਦੇ ਵਿਚ ਰੱਖਣ,
ਪੈਰੀਂ ਬੂਟ ਗੁਰਗਾਬੀਆਂ ਪਾ ਬਹਿੰਦੇ।
ਜੇਬ ਵਿਚ ਰੁਮਾਲ ਹਮੇਸ਼ ਰੱਖਨ,
ਉਪਰ ਅਤਰ ਫੁਲੇਲ ਛਣਕਾ ਬਹਿੰਦੇ।
ਖੀਸੇ ਵਿਚ ਦੋ ਚਾਰ ਰੁਪੈ ਪਾਕੇ,
ਝੱਟ ਠੇਕਿਆਂ ਦੇ ਵਿਚ ਜਾ ਬਹਿੰਦੇ।
ਫੌਰਨ ਸੌਂਫੀਆ ਇਕ ਅਦਵਾੜ ਲੈਕੇ,
ਠੇਕੇਦਾਰ ਦੇ ਤਾਂਈ ਸੁਨਾ ਬਹਿੰਦੇ।
ਮੇਜ਼ ਕੁਰਸੀਆਂ ਡਾਹਕੇ ਬੈਠ ਜਾਂਦੇ,
ਸੋਡਾ ਵਾਟਰ ਵੀ ਪਾਸ ਮੰਗਾ ਬਹਿੰਦੇ।
ਜਦੋਂ ਨਸ਼ੇ ਦੇ ਵਿਚ ਬੇਹੋਸ਼ ਹੋਵਨ,
ਪਾਸ ਪੁਲਸੀਏ ਇਕ ਦੋ ਆ ਬਹਿੰਦੇ।
ਜਦੋਂ ਕਰਨ ਖਰੂਦ ਫਸਾਦ ਤਾਂਈ,
ਮਾਰ ਪੁਲਸੀਆਂ ਦੇ ਪਾਸੋਂ ਖਾ ਬਹਿੰਦੇ।
ਮਾਰ ਕੁਟ ਖਾਕੇ ਘਰੀਂ ਜਾਂ ਸੌਂਦੇ,

Digitized by Panjab Digital Library | www.panjabdigilib.org

ਦਿਨ ਚੜ੍ਹੇ ਤੇ ਫੇਰ ਘਬਰਾ ਬਹਿੰਦੇ।
ਠਾਕਰਸਿੰਘ ਜੰਟਲ ਮੈਨੀ ਨਾਸ ਕਰਦੀ,
ਕੀਤੇ ਪਾਪ ਨੂੰ ਫੇਰ ਪਛਤਾ ਬਹਿੰਦੇ।੧੯।
ਨਾਨਾ ਆਖਦਾ ਨਾਮ ਵਪਾਰ ਕਰ ਲੈ,
ਬੰਦੇ ਸਚ ਦੀ ਰਾਸ ਨੂੰ ਪਾਇਕੇ ਤੇ।
ਭਲੀ ਹੋਂਵਦੀ ਬੰਦਗੀ ਰੱਬ ਦੀ ਏ,
ਸੁਖ ਪਾਇ ਲੈ ਨਾਮ ਧਿਆਇ ਕੇ ਤੇ।
ਭਲਾ ਕੰਗਲਾ ਰਬ ਦੇ ਨਾਮ ਵਾਲਾ,
ਲੈਣਾ ਕੀ ਅਮੀਰ ਕਹਾਇ ਕੇ ਤੇ।
ਭਲਾ ਪੁਰਸ਼ ਜੇਹੜਾ ਗਾਵੇ ਬੰਦਗੀ ਨੂੰ,
ਰਾਮ ਨਾਮ ਦੀ ਤਾਰ ਵਜਾਇ ਕੇ ਤੇ।
ਭਲਾ ਪੁਰਸ਼ ਜੇਹੜਾ ਕਰੇ ਗੱਲ ਸੱਚੀ,
ਭੈੜੇ ਝੂਠ ਨੂੰ ਦਿਲੋਂ ਹਟਾਇ ਕੇ ਤੇ।
ਭਲਾ ਪੁਰਸ਼ ਜੋ ਗੁਰੂ ਦਾ ਹੁਕਮ ਮੰਨੇ,
ਵਿਚੋਂ ਖੁਦੀ ਹੰਕਾਰ ਗਵਾਇ ਕੇ ਤੇ।
ਭਲਾ ਪੁਰਸ਼ ਜੋ ਕਰੇ ਵਿਹਾਰ ਸੱਚਾ,
ਵਿਚੋਂ ਝੂਠ ਦੀ ਜੜ੍ਹ ਪਟਾਇ ਕੇ ਤੇ।
ਭਲਾ ਪੁਰਸ਼ ਜੋ ਭਲੇ ਦੀ ਕਰੇ ਸੰਗਤ,
ਸੋਹਬਤ ਬੁਰੇ ਦੀ ਦਿਲੋਂ ਘਟਾਇ ਕੇ ਤੇ।

Digitized by Panjab Digital Library | www.panjabdigilib.org

ਠਾਕਰਸਿੰਘ ਤੂੰ ਸੱਚ ਉਠਾਏ ਲਈਂ
ਅਤੇ ਝੂਠ ਨੂੰ ਮਾਰ ਪਟਕਾਏ ਕੇ ਤੇ ।੨੦
ਤੱਤਾ ਆਖਦਾ ਤੁਰੀਂ ਤੂੰ ਨੇਕ ਰਸਤੇ,
ਜਰਾ ਝੂਠ ਵਿਹਾਰ ਨੂੰ ਛੱਡ ਭਾਈ ।
ਪੰਜ ਚੋਰ ਜੋ ਤੈਂਡੜੇ ਹੈਨ ਅੰਦਰ,
ਧੱਕਾ ਨਾਮ ਦਾ ਮਾਰਕੇ ਕੱਢ ਭਾਈ ।
ਰਾਮ ਨਾਮ ਦੀ ਹੱਥ ਸ਼ਮਸ਼ੇਰ ਫੜਕੇ,
ਪੰਜਾਂ ਜਾਲਮਾਂ ਦਾ ਸੀਸ ਵੱਢ ਭਾਈ
ਬੋਲੀਂ ਝੂਠ ਨਾਂ ਏਸ ਜਬਾਨ ਵਿਚੋਂ
ਚੁਗਲੀ ਨਿੰਦਿਆ ਸੁਟ ਦੇ ਖੱਡ ਭਾਈ ।
ਜੇਕਰ ਨਿੰਦਿਆ ਕਿਸੇ ਦੀ ਕਰੇਂਗਾ ਤੂੰ,
ਕਾਲ ਭੰਨ ਦੇਸੀ ਤੇਰੇ ਹੱਡ ਭਾਈ
ਠਾਕਰਸਿੰਘ ਤੂੰ ਧਰਮ ਦਾ ਬੀਜ ਬੀਜੀਂ,
ਪੈਲੀ ਨਾਮ ਦੀ ਦੇ ਵਿਚ ਗੱਡ ਭਾਈ।੨੧
ਥੱਥਾ ਆਖਦਾ ਥਿਰ ਨਹੀਂ ਜੀਵਣਾ ਏ,
ਬੰਦੇ ਏਸ ਜਹਾਨ ਤੋਂ ਚਲ ਜਾਣਾ
ਕਾਹਨੂੰ ਕਰੇ ਤੂੰ ਐਡ ਬੇਖਬਰੀ ਤੂੰ,
ਇਕ ਰੋਜ ਤੈਂ ਖਾਕ ਮੇਂ ਰਲ ਜਾਣਾ
ਸਦਾ ਰਹਿਣ ਨਾਂ ਕਾਲੜੇ ਕੇਸ ਤੇਰੇ,

Digitized by Panjab Digital Library | www.panjabdigilib.org

ਤੇਰੇ ਰੂਪ ਨੇ ਛੇਕੜੇ ਢਲ ਜਾਣਾਂ।
ਸਦਾ ਰਹੇ ਨਾ ਪੰਛੀਆ ਜੀਵਦਾ ਤੂੰ,
ਤੈਨੂੰ ਮੌਤ ਨੇ ਆਨ ਉਥੱਲ ਜਾਣਾ।
ਕੁਛ ਖਬਰ ਨਾਹੀਂ ਇਸ ਜਿੰਦਗੀ ਦੀ,
ਖਬਰੇ ਅਜ ਜਾਣਾਂ ਹੈ ਕਿ ਕੱਲ ਜਾਣਾ।
ਕਾਹਨੂੰ ਵੇਖਦਾ ਮੰਦਰਾਂ ਪੱਕਿਆ ਨੂੰ,
ਤੇਰਾਂ ਕਬਰ ਨੇ ਹੋ ਮਹੱਲ ਜਾਣਾ।
ਪੁਤਰ ਜਿਨ੍ਹਾਂ ਦੇ ਮੋਏ ਜੁਵਾਨ ਸੋਹਣੇ,
ਸਾਰੀ ਉਮਰ ਨਾਂ ਜਿਗਰ ਤੋਂ ਸੱਲ ਜਾਣਾ।
ਓਸ ਵਕਤ ਨਾ ਏਤਨੀ ਯਾਦ ਆਵੇ,
ਭਾਈ ਅਸਾਂ ਨੇ ਵੀ ਜੰਗਲ ਮੱਲ ਜਾਣਾ।
ਮੁਸਲਮਾਨ ਨੇ ਰਸਤਾ ਗੋਰ ਫੜਨਾ,
ਹਿੰਦੂ ਚੜ੍ਹ ਚਿਖਾ ਉੱਤੇ ਜੱਲ ਜਾਣਾ।
ਠਾਕਰ ਸਿੰਘ ਜਦ ਰੂਹ ਨੇ ਨੱਸ ਜਾਣਾ,
ਪਿਛੇ ਰੈਹ ਕਲਬੂਤ ਤੇ ਖੱਲ ਜਾਣਾ॥੨੨॥
ਦੱਦਾ ਆਖਦਾ ਦੁਖ ਜਦ ਆਣ ਬਣਦਾ,
ਬੰਦਾ ਫੇਰ ਪਿਛੋਂ ਪਛਤਾਂਵਦਾ ਏ।
ਬਿਨਾ ਦੁਖ ਨਾ ਰੱਬ ਨੂੰ ਯਾਦ ਕਰਦਾ,
ਨਹੀਂ ਗੁਰੂ ਤੇ ਪੀਰ ਮਨਾਂਵਦਾ ਏ।

Digitized by Panjab Digital Library | www.panjabdigilib.org

ਦਸਾਂ ਨਵਾਂ ਦੀ ਕਦੇ ਨਾ ਕਿਰਤ ਕਰਦਾ,
ਪੈਸਾ ਦਗੇ ਦੇ ਨਾਲ ਕਮਾਂਵਦਾ ਏ।
ਵਿਚੋ ਕਰਦਾ ਕੰਮ ਸ਼ੈਤਾਨ ਵਾਲੇ,
ਮੋਮਨ ਮਕਰ ਦੇ ਨਾਲ ਕਹਾਂਵਦਾ ਏ।
ਸਾਰ ਵਿਦਿਆ ਦੀ ਨਹੀਂ ਜਾਣਦਾ ਏ,
ਪੰਡਤ ਜੋਤਸ਼ੀ ਨਾਮ ਰਖਾਂਵਦਾ ਏ।
ਛੱਤਿ ਐਬ ਹੈ ਅੰਦਰੋਂ ਆਪ ਕਰਦਾ,
ਅਤੇ ਦੂਸਰੇ ਤਾਂਈ ਸਮਝਾਂਵਦਾ ਏ।
ਟਿੰਡ ਪੱਥਣੇ ਦੀ ਹੋਵੇ ਜਾਚ ਨਾਹੀਂ,
ਹੱਥ ਮਘੀਆਂ ਦੇ ਤਾਂਈ ਪਾਂਵਦਾ ਏ।
ਗਲ ਕਰਨ ਦੀ ਆਪਨੂੰ ਜਾਚ ਨਾਹੀਂ,
ਲੈਕਚਰ ਸਭਾ ਦੇ ਵਿਚ ਸੁਨਾਂਵਦਾ ਏ।
ਆਪ ਛਡਦਾ ਨਾ ਦਾਰੂੰ ਮਾਸ ਤਾਂਈ,
ਲੋਕਾਂ ਤਾਂਈ ਨਸੀਹਤ ਕਰਾਂਵਦਾ ਏ।
ਦਿਨੇ ਰਾਤਰੀ ਕਰ ਫਰੇਬ ਤਾਂਈ,
ਏਂਦਾ ਝੂਠ ਦੇ ਫੰਦ ਚਲਾਂਵਦਾ ਏ।
ਕਹੇ ਦੂਸਰੇ ਤਾਂਈ ਕੰਗਾਲ ਨਿਰਧਨ,
ਇਜਤ ਆਪਣੀ ਬੜੀ ਰਖਾਂਵਦਾ ਏ।
ਨਾਮ ਰਬਦੇ ਵੱਲ ਨਾ ਖਿਆਲ ਕਰਦਾ,

Digitized by Panjab Digital Library | www.panjabdigilib.org

ਅਤੇ ਕੂੜ ਦੀ ਧੂੜ ਧਮਾਂਵਦਾ ਏ।
ਨਾਮ ਰਬਦੇ ਦੀ ਜਿਨੂੰ ਲਗਨ ਲਗੀ,
ਦੁਨੀਆਂ ਵਲ ਖਿਆਲ ਨਾਂ ਲਾਂਵਦਾ ਏ।
ਕਰੇ ਉਸਤਤੀ ਆਪਣੇ ਆਪਣੇ ਆਪਸੰਦੀ
ਅਤੇ ਦੂਸਰੇ ਨੂੰ ਦਰਜ਼ ਲਾਂਵਦਾ ਏ।
ਕਰੇ ਜਰਾ ਜੇ ਕਿਸੇ ਦੇ ਨਾਲ ਨੇਕੀ,
ਸਾਰੀ ਉਮਰ ਹਸਾਨ ਜਤਲਾਂਵਦਾ ਏ।
ਜਿਥੇ ਰਬ ਦੇ ਨਾਮ ਦਾ ਕੱਮ ਹੋਵੇ,
ਓਥੋਂ ਪੈਰ ਪਛਾਂਹ ਖਸਕਾਂਵਦਾ ਏ।
ਜਦੋਂ ਰਤਾ ਵੀ ਕੰਡੇ ਦੀ ਪੀੜ ਹੋਵੇ,
ਝੱਟ ਆਣ ਗੁਨਾਹ ਬਖਸ਼ਾਂਵਦਾ ਏ।
ਠਾਕਰਸਿਘ ਭਗਵਾਨ ਅਸਚਰਜ ਮਾਯਾ,
ਓਦਾ ਅੰਤ ਹਿਸਾਬ ਨਾਂ ਆਂਵਦਾ ਏ।੨੪।
ਧੱਦਾ ਕਹੇ ਜਿਸ ਧਰਮ ਨੂੰ ਰੱਖ ਲਿਆ,
ਸ਼ੌਂਕ ਹੋ ਗਿਆ ਪਰੇਮ ਜਗਾਂਵਣੇ ਦਾ।
ਨਾਂਮ ਜਪਦਿਆਂ ਨੇ ਰਸਤਾ ਲੱਭ ਲਿਆ,
ਨਰਕ ਛੱਡ ਬਹਿਸ਼ਤ ਨੂੰ ਜਾਂਵਣੇ ਦਾ।
ਨਾਮ ਜਪਿਆ ਜਿਸ ਪ੍ਰਮਾਤਮਾਂ ਦਾ,
ਰਸਤਾ ਆਗਿਆ ਦੁਖ ਮਟਾਂਵਣ ਦੇ

Digitized by Panjab Digital Library | www.panjabdigilib.org

ਜਿਸ ਨੇ ਰਬ ਦੇ ਰਾਹ ਨੂੰ ਲੱਭ ਲਿਆ,
ਸ਼ੌਂਕ ਰਖਦਾ ਨਾ ਮੱਕੇ ਜਾਂਵਣੇ ਦਾ।
ਮਿਰਗਾਂ ਫਿਰਦਿਆਂ ਨੇ ਕਿਤੋਂ ਲੱਭ ਲਿਆ,
ਰਸਤਾ ਸਬਜ਼ ਅੰਗੂਰੀਆਂ ਖਾਂਵਣੇ ਦਾ।
ਓਅੰ ਸੋਹੰ ਦਾ ਕਰ ਲਿਆ ਜਾਪ ਜਿਸਨੇ,
ਰਸਤਾ ਆਗਿਆ ਰੱਬ ਮਨਾਂਵਣੇ ਦਾ।
ਘਰ ਬੈਠਿਆਂ ਮਿਲੇ ਭਗਵਾਨ ਜਿਸਨੂੰ,
ਉਹਨੂੰ ਸ਼ੌਂਕ ਕੀ ਤੀਰਥੀਂ ਜਾਵਣੇ ਦਾ।
ਨਹੀਂ ਖਾਂਵਦਾ ਮਾਸ ਸ਼ਰਾਬ ਤਾਂਈ,
ਜਿਨੂੰ ਸ਼ੌਂਕ ਪਰੇਮ ਰਸ ਖਾਵਣੇ ਦਾ।
ਅੰਦਰ ਜਿਨਹਾਂ ਦੇ ਜਗੇ ਪਰੇਮ ਦੀਵਾ,
ਓਨਾਂ ਸ਼ੌਂਕ ਕੀ ਗੈਸ ਜਗਾਵਣੇ ਦਾ।
ਰਾਮ ਨਾਮ ਦਾ ਪਾਲਿਆ ਜਿਨਾਂ ਚੋਲਾ,
ਸ਼ੌਂਕ ਰਖਦੇ ਨਾ ਸੂਟ ਪਾਵਣੇ ਦਾ।
ਛੋੜ ਦੇਂਵਦੇ ਖ਼ੁਦੀ ਗੁਮਾਨ ਤਾਂਈ,
ਫਿਕਰ ਜਿਨਾਂ ਨੂੰ ਅਗਾਹ ਦੇ ਜਾਵਣੇ ਦਾ,
ਨਹੀਂ ਭਾਲਦੇ ਲੇਫ ਤੁਲਾਈਆਂ ਨੂੰ,
ਸ਼ੌਂਕ ਜਿਨਾਂ ਨੂੰ ਰੋੜ ਵਛਾਵਣੇ ਦਾ।
ਨਹੀਂ ਲਾਂਵਦੇ ਅਤਰ ਫੁਲੇਲ ਤਾਂਈ,

Digitized by Panjab Digital Library | www.panjabdigilib.org

ਜਿਨਾਂ ਸ਼ੌਂਕ ਭਭੂਤ ਲਗਾਂਵਣੇ ਦਾ।
ਓਹ ਕੀ ਜਾਣਦੇ ਫੋਨੋਗ੍ਰਾਫ ਤਾਂਈ,
ਸ਼ੌਂਕ ਜਿਨਾਂ ਨੂੰ ਨਾਂਦ ਵਜਾਵਣੇ ਦਾ।
ਓਹਕੀ ਜਾਣਦੇ ਮਖਮਲਾਂ ਅਤਲਸਾਂ ਨੂੰ,
ਫਿਕਰ ਜਿਨਾਂ ਨੂੰ ਕਫਨ ਹੰਡਾਵਣੇ ਦਾ।
ਜੇਹੜੇ ਧਰਮ ਦੇ ਜੰਗ ਮੇਂ ਜੁਧ ਕਰਦੇ,
ਸ਼ੌਂਕ ਰਖਦੇ ਨਾਂ ਭਜ ਜਾਂਵਣੇ ਦਾ।
ਓਹ ਕੀ ਜਾਣਦੇ ਸੈਰ ਬਜਾਰ ਦੇ ਨੂੰ,
ਸ਼ੌਂਕ ਜਿਨਾਂ ਨੂੰ ਤੀਰਥੀਂ ਜਾਵਣੇ ਦਾ।
ਠਾਕਰ ਸਿੰਘ ਨਾ ਹੋਰ ਖਿਆਲ ਕਰਦੇ,
ਸ਼ੌਂਕ ਜਿਨ੍ਹਾਂਨੂੰ ਰਬਦੇ ਪਾਵਣੇਦਾ ।੨੪।
ਨੱਨਾ ਆਖਦਾ ਨਰਕ ਵਿਚ ਪੀੜੀਏ ਗਾ,
ਬੰਦੇ ਸਾਹਿਬ ਦਾ ਨਾਮ ਧਿਆ ਉਠਕੇ।
ਅਫਸਰਸਾਹਿਬ ਦਾ ਖੌਫਤੂੰਰਖਦਿਲ ਮੇਂ,
ਡਿਊਟੀ ਆਪਣੀ ਤਾਂਈ ਕੁਗਾੜਾ ਉਠਕੇ।
ਹੁਕਮ ਸਾਹਿਬ ਦਾ ਚੁਕ ਲੈ ਸੀਸ ਉਤੇ,
ਪੰਡ ਪਾਪ ਦੀ ਤਾਂਈ ਗਿਰਾ ਉਠਕੇ।
ਨੇਕੀ ਕਰੇ ਤੇਮਿਲੂ ਗਾ ਨੇਕ ਰੁਤਬਾ,
ਬਦੀ ਕਰੇ ਤੇ ਨਰਕ ਨੂੰ ਜਾ ਉਠਕੇ।

Digitized by Panjab Digital Library | www.panjabdigilib.org

ਦੌਲਤ ਪਾਪ ਦੀ ਜੋੜਕੇ ਪੰਡ ਬਧੀ,
ਛੇਤੀ ਏਸਨੂੰ ਦੇਹ ਲੁਟਾ ਉਠਕੇ।
ਭੋਜਨ ਕਰੀਂ ਤੂੰ ਸਤ ਪ੍ਰਮਾਤਮਾਂ ਨੂੰ,
ਛੱਡ ਯੱਗ ਅਸਮੇਧ ਨੂੰ ਲਾ ਉਠਕੇ।
ਛੱਡ ਮਾਸ ਸ਼ਰਾਬ ਕਬਾਬ ਤਾਂਈ,
ਅਮ੍ਰਿਤ ਫਲ ਨੂੰ ਗਾਫਲਾ ਖਾ ਉਠਕੇ।
ਛੱਡ ਚੋਰੀਆਂ ਯਾਰੀਆਂ ਠੱਗੀਆਂ ਨੂੰ,
ਪਰੀਤ ਸਾਹਿਬ ਦੇ ਨਾਲ ਲਗਾ ਉਠਕੇ।
ਰਤੀ ਮੈਲ ਨਾ ਰਖ ਤੂੰ ਵਿਚ ਦਿਲਦੇ,
ਕਰੀਂ ਚਿਤ ਨੂੰ ਠੀਕ ਸਫਾ ਉਠਕੇ।
ਪਾਣੀ ਗਿਆਨ ਦੇ ਨਾਲ ਤੂੰ ਧੋ ਦਿਲਨੂੰ,
ਰਾਂਮ ਨਾਮ ਸਾਬੂਨ ਲਗਾ ਉਠਕੇ,
ਕਰਕੇ ਯਾਦ ਪਰਮਾਤਮਾ ਆਪਣੇ ਨੂੰ,
ਗਿਆਨ ਗੁਰੂ ਨੂੰ ਝੱਟ ਬੁਲ ਉਠਕੇ।
ਠਾਕਰਸਿੰਘ ਇਸ ਨਾਮ ਦੇ ਦਰਖਤਤਾਂਈ
ਪਾਣੀ ਆਬ ਹਯਾਤ ਦਾ ਪਾ ਉਠਕੇ।੨੫।
ਪੱਪਾ ਪਰੇਮ ਕਰ ਰੱਬ ਦਾ ਤੂੰ,
ਹੋਰ ਦੁਨੀਆਂ ਦੇ ਝੂਠੇ ਪਿਆਰ ਛਡਦੇ।
ਸੱਚੀ ਕਰੀਂ ਤੂੰ ਕਾਰ ਪਰਮਾਤਮਾ ਦੀ,

Digitized by Panjab Digital Library | www.panjabdigilib.org

ਹੋਰ ਦੁਨੀਆਂ ਦੇ ਝੂਠੇ ਵਿਹਾਰ ਛਡ ਦੇ।
ਲਵੀਂ ਨਕਦ ਤੂੰ ਨਾਮ ਪਰਮਾਤਮਾ ਦਾ,
ਹੋਰ ਦੁਨੀਆ ਦੇ ਝੂਠੇ ਹੁਦਾਰ ਛਡ ਦੇ।
ਕਰੀਂ ਬਿਸਤਰਾ ਨਾਮ ਜਮੀਨ ਉਤੇ,
ਝੂਠੇ ਦੁਨੀਆਂ ਦੇ ਪਲੰਘ ਨਵਾਰ ਛਡਦੇ।
ਕਰੀ ਦੋਸਤੀ ਨਾਲ ਪਰਮਾਤਮਾ ਦੇ,
ਹੋਰ ਦੁਨੀਆਂ ਦੇ ਤੂੰ ਝੂਠੇ ਯਾਰ ਛਡ ਦੇ।
ਕਰੀਂ ਭਜਨ ਕਰਤਾਰ ਦਾ ਦਿਨੇ ਰਾਤੀ,
ਝੂਠੀ ਦੁਨੀਆਂ ਦੇ ਦਿਲੋਂ ਵਪਾਰ ਛਡਦੇ।
ਓਹਦਾ ਭਜਨ ਦਾ ਕਰੀ ਪਰਮਾਤਮਾ ਸੇ,
ਝੂਠੀ ਦੁਨੀਆਂ ਦੇ ਝੂਠੇ ਇਕਰਾਰ ਛਡ ਦੇ।
ਠਾਕਰਸਿੰਘ ਸੁਟ ਡੋਰੀਆਂ ਰੱਬ ਉਤੇ,
ਝੂਠੀ ਦੁਨੀਆਂ ਦੀ ਝੂਠੀ ਵਿਚਾਰ ਛਡਦੇ।੨੬।
ਫਫਾ ਆਖਦਾ ਫੇਰ ਕੀ ਮਾਣ ਕਰਨਾ,
ਜੇਕਰ ਅੰਤ ਨੂੰ ਖਾਕ ਮੇਂ ਰਲ ਜਾਣਾ।
ਰਹੇ ਜਾਣਨਾਂ ਪਿਆ ਕਲਬੂਤ ਏਥੇ,
ਵਿਚੋਂ ਰੂਹ ਨੇ ਕਲਿਆਂ ਚਲੇ ਜਾਣਾ।
ਕਾਹਨੂੰ ਪਾਂਵਦਾ ਮੈਹਲ ਚੁਬਾਰਿਆਂ ਨੂੰ,
ਜੰਗਲ ਜੇਕਰਾਂ ਬਦਿਆ ਮਲ ਜਾਣਾ।

Digitized by Panjab Digital Library | www.panjabdigilib.org

ਸ਼ਾਦੀ ਜੰਮਣੇ ਜਹੀ ਨਹੀ ਹੋਰ ਕੋਈ,
ਮੋਇਆ ਗਿਆ ਨਾਂ ਅੰਦਰੋਂ ਸੱਲ ਜਾਣਾ।
ਯਾਦ ਕਰੇਗਾ ਨੇਕੀਆਂ ਛੱਡੀਆਂ ਨੂੰ,
ਜਦੋਂ ਕਾਲ ਨੇ ਆਣ ਪਥੱਲ ਜਾਣਾ।
ਪਤਾ ਕੋਈ ਨਾਹੀ ਏਸ ਜ਼ਿੰਦਗੀ ਦਾ,
ਖਬਰੇ ਅਜ ਜਾਣਾ ਹੈ ਕਿ ਕੱਲ ਜਾਣਾ।
ਜਿਸ ਜੋਰ ਦਾ ਕਰੇਂ ਤੂੰ ਮਾਣ ਬੰਦੇ,
ਧੁਪ ਏਸਦੀ ਅੰਤ ਨੂੰ ਢੱਲ ਜਾਣਾ।
ਠਾਕਰ ਸਿੰਘ ਲੈ ਧਰਮ ਦਾ ਖਰਚ ਪੱਲੇ,
ਹੋਰ ਝੂਠ ਫਰੇਬ ਨੇ ਜਲ ਜਾਣਾ ॥੨੭॥
ਬੱਬਾ ਕਹੇ ਤੂੰ ਬੰਦਿਆ ਨੇਕ ਹੋਜਾ,
ਕਾਹਨੂੰ ਭਰੇ ਤੂੰ ਪਾਪ ਦੀ ਰੱਟੜੀ ਨੂੰ।
ਕਰ ਨੇਕੀਆਂ ਜਗ ਦੇ ਵਿਚ ਰਹਿਕੇ,
ਏਹੋ ਖੱਟ ਲੈ ਧਰਮ ਦੀ ਖਟੜੀ ਨੂੰ।
ਨਾਮ ਰੱਬ ਦਾ ਲਈ ਖਰੀਦ ਸੋਨਾ,
ਉਤੇ ਲਾਇਕੇ ਵੇਖ ਘਸਵਟੜੀ ਨੂੰ।
ਰਾਸ ਧਰਮ ਦੀ ਪਾਇਕੇ ਖਰੀ ਚੰਗੀ,
ਕਰੀਂ ਫੇਰ ਅਬਾਦ ਇਸ ਹਟੜੀ ਨੂੰ।
ਹੀਰਾ ਦਇਆ ਦਾ ਖਬ ਜੜਾਏ ਲਈਂ

Digitized by Panjab Digital Library | www.panjabdigilib.org

ਵਿਚ ਪਾਇ ਗਿਆਨ ਦੀ ਵੱਟਣੀ ਨੂੰ।
ਭਾਂਡੇ ਭੌ ਦੇ ਵਿਚ ਰੱਖ ਸੂਤ ਸੌਦਾ,
ਪਰੇ ਭੰਨਦੇ ਕੂੜ ਦੀ ਮੱਟਣੀ ਨੂੰ।
ਲਿਖੀਂ ਧਰਮ ਉਧਾਰ ਉਚਾਬਤਾਂ ਨੂੰ,
ਕਰੀਂ ਸਾਫ ਬਣਾਇਕੇ ਪਟਣੀ ਨੂੰ।
ਠਾਕਰ ਸਿੰਘ ਜੇ ਕਰੇਂ ਹਰਾਮਜਿਦਗੀ,
ਕਾਲ ਕਰੂਗਾ ਚੌੜ ਤਰੱਟਣੀ ਨੂੰ। ੨੯।
ਭੁੱਕਾ ਆਖਦਾ ਭਰਮ ਸਭ ਛਡਦੇ ਤੂੰ,
ਭਰਮ ਬੁਰਾ ਭੁਲਾ ਕਰਾਂਵਦਾ ਏ।
ਭਰਮ ਕੰਮ ਨਾਹੀ ਕੋਈ ਬਣਨ ਦੇਂਦਾ,
ਬੜਾ ਖਲਕ ਨੂੰ ਏਹ ਸਤਾਂਵਦਾ ਏ।
ਭਰਮ ਡੋਬ ਦੇਂਦਾ ਡੂੰਘੇ ਨੀਰ ਅੰਦਰ,
ਜਾਨ ਗੋਤਿਆਂ ਨਾਲ ਲਜਾਂਵਦਾ ਏ।
ਭਰਮ ਬਣਦਾ ਕੰਮ ਅਟਕਾ ਦੇਂਦਾ,
ਐਸਾ ਆਪਣਾਂ ਫੰਦ ਚਲਾਂਵਦਾ ਏ।
ਪੁਛੋ ਜਾਇਕੇ ਕਿਸੇ ਮਹਾਤਮਾ ਨੂੰ,
ਸਭੋ ਕੂੜ ਇਹੋ ਭਰਮ ਸੁਣਾਂਵਦਾ ਏ।
ਜੇਕਰ ਭਰਮ ਨੂੰ ਰਖੀਏ ਵਿਚ ਦਿਲਦੇ,
ਡੂੰਘੀ ਸੋਚ ਦੇ ਵਿਚ ਪਵਾਂਵਦਾ ਏ।

Digitized by Panjab Digital Library | www.panjabdigilib.org

ਭਰਮ ਵਾਲੇ ਨੂੰ ਜੇ ਕੋਈ ਕੰਮ ਪੁਛੇ,
ਰਾਹੂ ਕੇਤ ਗਰੈਹ ਬਤਾਂਵਦਾ ਏ।
ਮਾਰੇ ਭਰਮ ਦੇ ਕਈ ਨ ਖਾਣ ਹੋਣੀ,
ਭਰਮ ਭੁਖਿਆਂ ਜਾਨ ਸੁਕਾਂਵਦਾ ਏ।
ਭਰਮ ਚਾਹੜ ਕੇ ਸਿਖਰ ਸੁਮੇਰ ਉਤੇ,
ਅਰਸ਼ੋਂ ਫਰਸ਼ ਤੇ ਝਟ ਪਟਕਾਂਵਦਾ ਏ।
ਜਿਨੂੰ ਭਰਮ ਨੇ ਆਣ ਉਖੇੜ ਮਾਰੀ,
ਸਾਰੀ ਉਮਰ ਉਹ ਰਾਸ ਨਾ ਆਂਵਦਾ ਏ।
ਭਰਮ ਬਾਦਸ਼ਾਹ ਹੋਇਆ ਜਹਾਨ ਅੰਦਰ,
ਕਰੇ ਸੋ ਜੇਹੜੀ ਮਨ ਭਾਂਵਦਾ ਏ।
ਜਿਧਰ ਚਾਂਹਵਦਾ ਓਧਰੇ ਲੈ ਜਾਂਦਾ,
ਅਗੋਂ ਹੁਕਮ ਨਾ ਕੋਈ ਪਰਤਾਂਵਦਾ ਏ।
ਜਦੋਂ ਭਰਮ ਦੇ ਪੈ ਜਾਵੇ ਵਸ ਕੋਈ,
ਖੂਬ ਓਸਨੂੰ ਹਥ ਦਖਾਂਵਦਾ ਏ।
ਠਾਕਰਸਿੰਘ ਇਹ ਮਿਸਲ ਮਸ਼ਹੂਰ ਹੈਸੀ,
ਜਿਨ ਨਿਕਲੇ ਜੇਨ ਨਾਂ ਜਾਂਵਦਾ ਏ।੨੯
ਮੱਮਾ ਕਹੇ ਮਨ ਮੂਰਖਾ ਭੁਲ ਰਿਹੋਂ,
ਕਿਉਂ ਨਾ ਵਾਹਿਗੁਰੂ ਕਹੇਂ ਜ਼ਬਾਨ ਵਿਚੋਂ।
ਰਾਮ ਨਾਮ ਤੋਂ ਬਿਨਾਂ ਕੀ ਬੰਦਿਆ ਤੂੰ,

Digitized by Panjab Digital Library | www.panjabdigilib.org

ਲੈ ਜਾਵਣਾਂ ਕੀ ਇਸ ਜਹਾਨ ਵਿਚੋਂ
ਪੜ੍ਹਕੇ ਪੋਥੀਆ ਕਰੇਂ ਵਿਚਾਰ ਨਾਹੀਂ,
ਲੈਣਾ ਕੀ ਹੈ ਸਿਰ ਖਪਾਨ ਵਿਚੋਂ।
ਗਲਾਂ ਝੂਠੀਆਂ ਦੇ ਵਿਚ ਲਗ ਰਿਹੋਂ,
ਦੇਖੀ ਐਤ ਨਾ ਕਦੇ ਕੁਰਾਨ ਵਿਚੋਂ।
ਰਾਸ ਸੱਚ ਦੀ ਜੇ ਕਰਾਂ ਨਾਂ ਪਾਈ,
ਕੀ ਤੈਂ ਖਟ ਨਾਂ ਇਸ ਦੁਕਾਨ ਵਿਚੋਂ।
ਜੰਗ ਧਰਮ ਦੇ ਵਿਚ ਨਾਂ ਕੰਮ ਆਈ,
ਨਿਕਲ ਗਈ ਤਲਵਾਰ ਮਿਆਨ ਵਿਚੋਂ।
ਨਹੀ ਸਾਫ ਕੀਤਾ ਚਿਤ ਆਪਣੇ ਨੂੰ,
ਨਹੀਂ ਕਢਿਆ ਖੁਦੀ ਗੁਮਾਨ ਵਿਚੋਂ।
ਉਤੋਂ ਮੋਮਨਾਂ ਦੇ ਵਾਂਗ ਫਿਰੇ ਬਣਿਆਂ,
ਸਾਬਤ ਰਖਿਆ ਨਹੀਂ ਈਮਾਨ ਵਿਚੋਂ।
ਨਹੀਂ ਮਾਰਿਆ ਸ਼ੇਰ ਹੰਕਾਰ ਤਾਂਈ,
ਨਵਾ ਕੀ ਤੈਂ ਖਟਿਆ ਤੀਰ ਚਲਾਨਵਿਚੋਂ
ਨਿਤ ਮਾਰਦਾ ਕੁਕੜੀਆਂ ਮੁਰਗਿਆਂ ਨੂੰ,
ਕੀਤਾ ਚਿਤ ਨਾਂ ਆਪ ਕੁਰਬਾਨ ਵਿਚੋਂ।
ਸੁਣਕੇ ਕਥਾ ਨਾਂ ਕੀਤੋ ਈ ਅਮਲ ਕੋਈ,
ਕੀ ਤੈਂ ਖਟਿਆ ਧਰਮ ਦੀਵਾਨ ਵਿਚੋਂ।

Digitized by Panjab Digital Library | www.panjabdigilib.org

ਦੋਹਾਂ ਸਿਰਾਂ ਦੇ ਜੁੜਦਿਆਂ ਭੀੜ ਪਾਵੇ,
ਕੀ ਤੈਂ ਖਟਿਆਂ ਵੈਰ ਵਧਾਨ ਵਿਚੋਂ
ਤੈਨੂੰ ਪਤਾ ਸੀ ਅੰਤ ਨੂੰ ਕਬਰ ਕੋਠਾ,
ਕੀ ਤੈਂ ਖਟਿਆ ਮੈਹਲ ਪਵਾਨ ਵਿਚੋਂ
ਪੂਨ ਦਾਨ ਨਾਂ ਕੀਤੇ ਈ ਕੋਈ ਬੰਦੇ,
ਫੈਦਾ ਕੀ ਹੈ ਦੌਲਤ ਕਮਾਨ ਵਿਚੋਂ
ਤੈਨੂੰ ਪਤਾ ਸੀ ਅੰਤ ਨੂੰ ਕਫਨ ਮਿਲਨਾ,
ਕੀ ਤੈਂ ਖਟਿਆ ਸੂਟ ਹੰਡਾਨ ਵਿਚੋਂ।
ਤਮੇਂ ਵਾਸਤੇ ਦੇਸ ਪ੍ਰਦੇਸ ਫਿਰਿਓਂ,
ਕੀ ਤੈਂ ਖਟਿਆ ਮੁਲਕ ਜਪਾਨ ਵਿਚੋਂ।
ਤੈਨੂੰ ਪਤਾ ਸੀ ਬਿਸਤਰਾ ਪਾਕ ਹੋਣਾ,
ਕੀ ਤੈਂ ਖਟਿਆ ਪਲੰਗ ਵਛਾਨ ਵਿਚੋਂ।
ਠਾਕਰ ਸਿੰਘ ਵਸਾਰ ਕੇ ਰੱਬ ਸਾਂਈ।
ਕੀ ਤੈਂ ਖਟਿਆ ਝੂਠ ਤੂਫਾਨ ਵਿਚੋਂ।੨੦।
ਧੱਧਾ ਕਹੇ ਯਾਰਾ ਆਕੇ ਜੱਗ ਅੰਦਰ,
ਸਚੇ ਸਾਹਿਬ ਦਾ ਨਾਮ ਭੁਲਾ ਬੈਠਾ।
ਤੂੰ ਵਸਾਰ ਕੇ ਉਸ ਪ੍ਰਮਾਤਮਾਂ ਨੂੰ,
ਚਿਤ ਲਾਲਚਾਂ ਦੇ ਵਿਚ ਲਾ ਬੈਠਾ।
ਧਰਮ ਹੇਤ ਨਾਂ ਕੀਤੋ ਈ ਕੰਮ ਕੋਈ,

Digitized by Panjab Digital Library | www.panjabdigilib.org

ਉਪਾਧੀਆਂ ਕਈ ਵਧਾ ਬੈਠਾ ।
ਕੀਤਾ ਕਿਸੇ ਦੇ ਨਾਲ ਪਿਆਰ ਨਾਹੀਂ,
ਵੈਰ ਨਾਲ ਜਹਾਨ ਦੇ ਪਾ ਬੈਠਾ।
ਓਥੋਂ ਆਇਆ ਸੀ ਵਾਸਤੇ ਬੰਦਗੀ ਦੇ,
ਏਥੇ ਬਾਦਸ਼ਾਹ ਆਨ ਕਹਾ ਬੈਠਾ।
ਹੋਰ ਦੇਸ਼ ਕਸ਼ਮੀਰ ਬੰਗਾਲ ਤਾਈਂ,
ਸਿੱਕਾ ਆਪਣੇ ਨਾਮ ਚਲਾ ਬੈਠਾ ।
ਕੀਤਾ ਭਜਨ ਨਾਂ ਮੂਲ ਪਰਮਾਤਮਾਂ ਦਾ,
ਝੂਠੇ ਕਰਮ ਮੇਂ ਜਾਨ ਫਸਾ ਬੈਠਾ।
ਸਿਰੇ ਚਾੜਕੇ ਲੋਭ ਹੰਕਾਰ ਤਾਂਈ,
ਬੰਦਾ ਧਰਮ ਠਾਹਾਂ ਗਿਰਾ ਬੈਠਾ।
ਨਾਮ ਛੱਡਕੇ ਇਕ ਪਰਮਾਤਮਾਂ ਦਾ,
ਹੋਰ ਕਈ ਬਲਾਮਤਾਂ ਲਾ ਬੈਠਾ।
ਦਾਲ ਰੋਟੀ ਤੇ ਰੱਖਦਾ ਸਿਦਕ ਨਾਹੀਂ,
ਤੇ ਸ਼ਰਾਬ ਕਬਾਬ ਨੂੰ ਖਾ ਬੈਠਾ।
ਅਮ੍ਰਿਤ ਨਾਮ ਦਾ ਨਹੀਂ ਆਹਾਰ ਕੀਤਾ,
ਭੈੜਾ ਅਮਲ ਅਫੀਮ ਦਾ ਲਾ ਬੈਠਾ।
ਠਾਕਰ ਸਿੰਘ ਬੰਦਾ ਜਾਂਣ ਬੁਝਕੇ ਤੇ,
ਹੱਥੀਂ ਆਪਣੀ ਜ਼ੈਹਰ ਨੂੰ ਖਾ ਬੈਠਾ।੩੧।

Digitized by Panjab Digital Library | www.panjabdigilib.org

ਰਾਰਾ ਕਹੇ ਨਾਂ ਰਾਮ ਦਾ ਨਾਮ ਜਪਿਆ,
ਵਿਚ ਗਾਫਲੀ ਉਮਰ ਗੁਵਾ ਦਿਤੀ।
ਝੂਠੇ ਧੰਦਿਆਂ ਦੇ ਵਿਚ ਲੀਨ ਹੋਇਉਂ,
ਬ੍ਰਿਤੀ ਭਜਨ ਦੀ ਦਿਲੋਂ ਹਟਾ ਦਿਤੀ।
ਨਿਹੀਂ ਵੇਖਿਆ ਕਦੇ ਕੁਰਾਨ ਤਾਂਈ,
ਮੁਲਾਂ ਰੱਬ ਦੀ ਯਾਦ ਭੁਲਾ ਦਿਤੀ।
ਮਸਜਦ ਵਿਚ ਜਾ ਪੜ੍ਹੇ ਨਮਾਜ਼ ਤਾਈਂ,
ਸੁਰਤ ਘਰ ਦੇ ਵਿਚ ਲਗਾ ਦਿਤੀ।
ਸੋਚੇ ਅਜਮ ਮੇਂ ਕੁਛ ਨਾ ਕਾਰ ਕੀਤੀ,
ਤੇ ਨਿਮਾਜ਼ ਵੀ ਦਿਲੋਂ ਚੁਰਾ ਦਿਤੀ।
ਨੀਯਤ ਸਾਫ ਜੋ ਰੱਬ ਨੂੰ ਯਾਦ ਕਰਦੇ,
ਆਸ ਉਨ੍ਹਾਂ ਦੀ ਰੱਬ ਪੁਜਾ ਦਿਤੀ।
ਰੋਜ਼ਾ ਓਸਦਾ ਰੱਬ ਮਨਜ਼ੂਰ ਕਰਦਾ,
ਜਿਸਨੇ ਦੂਈ ਦ੍ਵੈਤ ਹਟਾ ਦਿਤੀ।
ਠਾਕਰ ਸਿੰਘ ਬਹਿਸ਼ਤ ਨੂੰ ਲੰਘ ਗਏ,
ਜਿਨ੍ਹਾਂ ਪ੍ਰੀਤ ਸਾਂਈ ਨਾਲ ਲਾ ਦਿਤੀ।੨੨।
ਲੱਲਾ ਕਹੇ ਬੰਦੇ ਲੱਦ ਜਾਵਣਾਂ ਈ,
ਮੁੜ ਨਾ ਆਵਣਾਂ ਇਸ ਜਹਾਨ ਉਤੇ।
ਕੀਤੀ ਤਿਨਹਾਂ ਦੀ ਰੱਬ ਮੁਰਾਦ ਹਾਸਲ,

Digitized by Panjab Digital Library | www.panjabdigilib.org

ਸਾਬਤ ਰਹੇ ਜੋ ਇਕ ਜ਼ਬਾਨ ਉਤੇ।
ਉਨਹਾਂ ਜੰਗ ਦਾ ਮੋਰਚਾ ਜਿਤ ਲਿਆ,
ਕਤਲ ਹੋਏ ਜੋ ਧਰਮ ਈਮਾਨ ਉਤੇ।
ਜਿਨ੍ਹਾਂ ਸਾਹਿਬ ਦੇ ਨਾਲ ਪ੍ਰੀਤ ਕੀਤੀ,
ਨੇਕੀ ਖੱਟ ਗੋਇ ਏਸ ਜਹਾਨ ਉਤੇ।
ਦਿਨੇ ਰਾਤ ਜੋ ਮਾਰਦੇ ਠੱਗੀਆਂ ਨੇ,
ਲੱਕ ਬੰਨਿਆਂ ਪਾਪ ਕਮਾਨ ਉਤੇ।
ਮਿਲੇ ਉਨਹਾਂ ਨੂੰ ਨਹੀਂ ਦਰਗਾਹ ਢੋਈ,
ਪਏ ਵੱਜਦੇ ਹੈਨ ਵਦਾਨ ਉਤੇ।
ਕਾਲ ਤਿਨ੍ਹਾਂ ਨੂੰ ਝੱਟ ਸ਼ਕਾਰ ਕਰਦਾ,
ਜੇਹੜੇ ਆਕੜੇ ਖੁਦੀ ਗੁਮਾਨ ਉਤੇ।
ਠਾਕਰ ਸਿੰਘ ਹੈ ਤਿਨ੍ਹਾਂ ਤੇ ਰੱਬ ਰਾਜ਼ੀ,
ਤਕਵਾ ਰੱਖਿਆ ਜਿਨਾਂ ਭਗਵਾਨ ਉਤੇ।
ਵੱਵਾ ਕਹੇ ਵੈਰੀ ਪੰਜੇ ਦੂਰ ਕਰਦੇ,
ਕਾਮ ਕ੍ਰੋਧ ਮੋਹ ਲੋਭ ਹੰਕਾਰ ਭਾਈ।
ਸੱਭੇ ਠੱਗੀਆਂ ਚੋਰੀਆਂ ਛੱਡ ਕੇ ਤੇ,
ਕਰੀਂ ਧਰਮ ਦੇ ਕਰਮ ਹੀ ਕਾਰ ਭਾਈ।
ਦੁਨੀਆਂ ਫਸੀ ਹੈ ਭਰਮ ਦੇ ਜਾਲ ਅੰਦਰ,
ਝੂਠੀ ਛੱਡਦੇ ਮਨੋਂ ਵਿਚਾਰ ਭਾਈ।

Digitized by Panjab Digital Library | www.panjabdigilib.org

ਛੱਡ ਦਈਂ ਤੂੰ ਝੂਠ ਦੇ ਵਾਹਦਿਆਂ ਨੂੰ,
ਕਰੀਂ ਸੱਚ ਦਾ ਕੌਲ ਕਰਾਰ ਭਾਈ।
ਹੋਰ ਛੱਡਦੇ ਕੂੜ ਦੇ ਧੰਦਿਆਂ ਨੂੰ,
ਕਰੀਂ ਨਾਮ ਦੀ ਸੱਚੜੀ ਕਾਰ ਭਾਈ।
ਕਦੇ ਛਡਨਾਂ ਬੰਦਿਆ ਨੇਕੀਆਂ ਨੂੰ,
ਤੈਨੂੰ ਮਾਰਸੀ ਕਾਲ ਲਲਕਾਰ ਭਾਈਂ।
ਝੂਠੇ ਧੰਦਿਆਂ ਦੇ ਵਿਚ ਲੀਨ ਹੋਇਓਂ,
ਦਿਤਾ ਨਾਮ ਨੂੰ ਮਨੋਂ ਵਸਾਰ ਭਾਈਂ।
ਠਾਕਰ ਸਿੰਘ ਭਗਵਾਨ ਦਾ ਜਾਪ ਕਰਲੈ,
ਮੂੰਹੋਂ ਕਹੋ ਕਰਤਾਰ ਕਰਤਾਰ ਭਾਈ।੩੪
ਝਾੜਾ ਆਖਦਾ ਰਾੜ ਮਟਾਇ ਕੇ ਤੇ,
ਮੰਦੇ ਛੱਡਦੇ ਕਰਨਾ ਖਿਆਲ ਝੂਠਾ,
ਕੀਤਾ ਯਾਦ ਨਾਂ ਓਸ ਪਰਮਾਤਮਾਂ ਨੂੰ,
ਓਹਦੇ ਵੱਲੋਂ ਤੂੰ ਹੈਂ ਦਾ ਲਵਾਲ ਝੂਠ,
ਕਾਹਨੂੰ ਮਾਣ ਕਰਦਾ ਏਸ ਜ਼ਿੰਦਗੀ ਦਾ,
ਕਿਸੇ ਰੋਜ ਦਾ ਹੁਸਨ ਜਮਾਲ ਝੂਠ,
ਓਸ ਰੱਬ ਤਾਈਂ ਕਰੀਂ ਯਾਦ ਬੰਦੇ,
ਹੋਰ ਛੱਡਦੇ ਕਰਨਾਂ ਖਿਆਲ ਝੂਠਾ,
ਕਦੇ ਰੱਬ ਦੇ ਵੱਲ ਨਾਂ ਸੁਰਤ ਲਾਈ,

Digitized by Panjab Digital Library | www.panjabdigilib.org

ਕਰੇਂ ਹੋਰ ਦਾ ਹੋਰ ਪੜਤਾਲ ਝੂਠਾ।
ਬ੍ਰਿਤੀ ਚਿੱਤ ਦੀ ਕਦੇ ਨਾਂ ਠੀਕ ਕੀਤੀ,
ਕਰੇਂ ਮੂਖ ਤੋਂ ਸਭ ਸਵਾਲ ਝੂਠਾ।
ਪਿਆ ਫਿਰੇਂ ਤੂੰ ਵਿਚ ਬਦਫੈਲੀਆਂ ਦੇ,
ਬਿਨਾਂ ਨਾਮ ਤੋਂ ਸਭ ਜੰਜਾਲ ਝੂਠਾ।
ਠਾਕਰ ਸਿੰਘ ਇਮੋਯਾ ਗਿਆਂ ਨਾਲ ਤੇਰੇ,
ਨਹੀਂ ਜਾਵਣਾ ਧੰਨ ਤੇ ਮਾਲ ਝੂਠਾ।੩੫।

ੴ ਸਤਿਗੁਰ ਪ੍ਰਸਾਦਿ॥
[ ਅਥ ਸਹਿਰਫੀ ਲਿਖਯਤੇ ]

ਅਲਫ਼ ਆਇਆ ਮੈਂ ਵਾਸਤੇ ਨੇਕੀਆਂ ਦੇ
ਏਥੇ ਆਇਕੇ ਬਦੀ ਕਮਾਇ ਰਿਹੋਂ।
ਇਕ ਇਕ ਘੜੀ ਸਾਲ ਸਾਲ ਦੀਏ
ਜੇਹੜੀ ਨਾਮ ਤੋਂ ਬਿਨਾਂ ਲੰਘਾਇ ਰਿਹੋਂ।
ਬਾਹਰੋਂ ਦਿਸਦਾ ਸੱਚ ਕਮਾਂਵਦਾ ਤੂੰ
ਵਿਚੋਂ ਝੂਠ ਦੀ ਪੰਡ ਉਠਾਇ ਰਿਹੋਂ।
ਠਾਕਰ ਸਿੰਘ ਏਹ ਕੰਮ ਨਾਂ ਠੀਕ ਤੈਨੂੰ
ਜੇਹੜੇ ਝੂਠ ਦੇ ਫੰਦ ਚਲਾਇ ਰਿਹੋਂ।੧।
ਬੇ ਬੰਦਗੀ ਕਰੇਂ ਖੁਦਾਇ ਦੀ ਤੂੰ

Digitized by Panjab Digital Library | www.panjabdigilib.org

ਜਿਸ ਤੁਧ ਨੂੰ ਪਾਰ ਲੰਘਾਵਣਾਂ ਈ
ਬਿਨਾਂ ਬੰਦਗੀ ਗਾਫਲਾ ਜਗ ਉਤੇ
ਦੱਸ ਹੋਰ ਕੀ ਕਰਮ ਕਮਾਵਣਾਂ ਈ।
ਬਿਨਾਂ ਬੰਦਗੀ ਤੋਂ ਜੇਹੜਾ ਗੁਜ਼ਰ ਜਾਊ
ਗਿਆ ਵਕਤ ਫਿਰ ਹੱਥ ਨਾਂ ਆਵਣਾਂ ਈ।
ਹੁਣ ਹੋ ਮਗਰੂਰ ਤੂੰ ਬੈਠ ਰਿਹੋਂ
ਠਾਕਰ ਸਿੰਘ ਤੈਂ ਫੇਰ ਪਛਤਾਵਣਾਂ ਈ।
ਤੇ ਤੁਧ ਦੇ ਖਾਤਰੇ ਬੰਦਿਆ ਉਹੇ
ਕਈ ਰੱਬ ਨੇ ਰੰਗ ਬਨਾ ਦਿਤੇ।
ਮੰਦਰ ਸੋਹਣੇ ਤੁਧ ਦੇ ਰੈਹਣ ਤਾਈਂ
ਅੰਦਰ ਸੋਹਣੇ ਫਰਸ਼ ਵਸਾ ਦਿਤੇ।
ਤੇਰੇ ਸੈਰ ਦੇ ਵਾਸਤੇ ਜਗ ਅੰਦਰ
ਕਈ ਬਾਗ਼ ਅਟਾਰੀਆਂ ਲਾ ਦਿਤੇ।
ਠਾਕਰ ਸਿੰਘ ਤੂੰ ਗਾਫਲੀ ਵਿਚ ਆਕੇ
ਸਾਰੇ ਦਿਲੋਂ ਐਹਸਾਨ ਭੁਲਾ ਦਿਤੇ।
ਸੋ ਸਾਬਤੀ ਰੱਖ ਤੂੰ ਵਿਚ ਦਿਲ ਦੇ
ਏਹ ਸਾਬਤੀ ਬੜੀ ਹੈ ਚੀਜ਼ ਬੰਦੇ।
ਨਾਲ ਸਾਬਤੀ ਦੇ ਰੱਖ ਸਿਦਕ ਸਾਬਤ
ਤੈਨੂੰ ਬਖਸ਼ਸੀ ਰੱਬ ਤਮੀਜ਼ ਬੰਦੇ

Digitized by Panjab Digital Library | www.panjabdigilib.org

ਦਿਨੇ ਰਾਤ ਕਰ ਸੱਚ ਦੀ ਬੰਦਗੀ ਨੂੰ
ਰਹੀਂ ਰੱਖਦਾ ਹੋਇ ਮੰਰੀਜ਼ ਬੰਦੇ।
ਠਾਕਰ ਸਿੰਘ ਸਭ ਛੱਡ ਪਦਾਰਥਾਂ ਨੂੰ
ਨਾਮ ਸਮਝ ਲਵੀਂ ਬੜੀ ਚੀਜ ਬੰਦੇ।
ਜੀਮ ਜ਼ੁਲਮ ਕਮਾਵਨਾਂ ਦਿਨੇਂ ਰਾਤੀਂ
ਅਜੇ ਸਮਝ ਜਾ ਬੰਦਿਆ ਵੇਲੜਾ ਈ।
ਜਪੀਂ ਨਾਮ ਤੂੰ ਓਸ ਪਰਮਾਤਮਾਂ ਦਾ
ਹੋ ਰਿਹੋਂ ਤੂੰ ਮਸਤ ਅਲਬੇਲੜਾ ਈ।
ਠਾਕਰ ਸਿੰਘ ਸਚਾ ਗੁਰੂ ਧਾਰਕੇ ਤੇ
ਹੋ ਰਹੀਂ ਤੂੰ ਸੱਚਦਾ ਚੇਲੜਾ ਈ।
ਹੇ ਹੋਸ਼ ਕਰ ਬੰਦਿਆ ਸੋਚ ਖਾਂ ਤੂੰ
ਏਥੇ ਕੀ ਤੈਂ ਕਰਮ ਕਮਾਇ ਰਿਹੋਂ।
ਏਥੇ ਆਇਆ ਸੈ ਵਾਸਤੇ ਖਟਨੇ ਦੇ
ਸਗੋਂ ਮੂਲ ਵੀ ਘਰੋਂ ਗਵਾਇ ਰਿਹੋਂ।
ਤੈਨੂੰ ਘਲਿਆ ਵਾਸਤੇ ਆਜਜ਼ੀ ਦੇ
ਏਥੇ ਆਪ ਖੁਦਾਇ ਕਹਾਇ ਰਿਹੋਂ।
ਠਾਕਰਸਿੰਘ ਤੂੰ ਜਾਤ ਦੀ ਕੋਹੜ ਕਿਰਲੀ
ਜੱਫੇ ਨਾਲ ਛਤੀਰਾਂ ਦੇ ਪਾਇ ਰਿਹੋਂ।
ਖੇ ਖੈਰ ਮੰਗ ਰੱਬ ਤੋਂ ਬੰਦਗੀ ਦਾ

Digitized by Panjab Digital Library | www.panjabdigilib.org

ਹੋਰ ਮੰਗਣੇ ਦੀ ਕੋਈ ਚਾਹ ਨਾ ਕਰ।
ਰਹੋ ਫੱਕਰੀ ਵਿਚ ਹਮੇਸ਼ ਬੰਦੇ
ਦੌਲਤ ਹਾਸਲਦੀ ਕੋਈ ਪਰਵਾਹ ਨ ਕਰ।
ਰੱਖੀਂ ਸਾਂਭ ਕੇ ਨਾਮ ਪਰਮਾਤਮਾਂ ਦਾ
ਓਹਦੇ ਭਜਨ ਦਾ ਜ਼ਰਾ ਵਸਾਹ ਨਾ ਕਰ।
ਠਾਕਰ ਸਿੰਘ ਤੂੰ ਆਇਕੇ ਜੱਗ ਉਤੇ
ਮਾੜੇ ਕੰਮ ਦੇ ਵਲ ਨਿਗਾਹ ਨਾ ਕਰ।
ਢਾਲ ਵੇਖ ਖਾਂ ਬੰਦਿਆ ਰੱਬ ਸੱਚਾ
ਕਈ ਤਰਾਂ ਦੇ ਰੰਗ ਦਿਖਾ ਰਿਹਾ।
ਜੇਹੜਾ ਨਮ ਨੂੰ ਜਪੇ ਬੇਕੁੰਠ ਜਾਵੇ
ਬਿਨਾਂ ਨਾਂਮ ਤੋਂ ਨਰਕ ਭੁਗਾਇ ਰਿਹਾ।
ਬੰਦਾ ਘੱਲਿਆ ਵਾਸਤੇ ਨੇਕੀਆਂ ਦੇ
ਏਥੇ ਠਗੀਆਂ ਕਈ ਕਮਾਇ ਰਿਹਾ।
ਠਾਕਰ ਸਿੰਘ ਤੂੰ ਠੀਕ ਵਚਾਰ ਕਰ ਲੈ
ਜੇਹਾ ਕਰੇ ਕੋਈ ਤਿਹਾ ਪਾਇ ਰਿਹਾ।
ਜ਼ਾਲ ਜ਼ਰਾ ਨਾਂ ਕਰੇਂ ਖਿਆਲ ਬੰਦੇ
ਦਿਲ ਲਾਲਚਾਂ ਦੇ ਵਿਚ ਲਾ ਰਿਹੋਂ।
ਨਹੀਂ ਖਬਰ ਹੈ ਅਗਾਹਾਂ ਦੇ ਜਾਵਣੇ ਦੀ
ਏਥੇ ਠਗੀਆਂ ਨਿਤ ਕਮਾਇ ਰਿਹੋਂ।

Digitized by Panjab Digital Library | www.panjabdigilib.org

ਨਹੀਂ ਖਬਰ ਹੈ ਕਫਨ ਦੇ ਪੈਹਨਣੇ ਦੀ
ਏਥੇ ਹੈਟ ਪਤਲੂਨ ਹੰਡਾ ਰਿਹੋਂ।
ਠਾਕਰ ਸਿੰਘ ਅਖੀਰ ਨੂੰ ਕਬਰ ਕੋਠਾ
ਮੈਹਲ ਕਾਸਦੇ ਵਾਸਤੇ ਪਾਇ ਰਿਹੋਂ।
ਰੇ ਰਬ ਵਸਾਰ ਕੇ ਬੰਦਿਆ ਉਇ
ਫਿਰੇਂ ਹੋਰ ਕਈ ਕਰਮ ਕਮਾਂਵਦਾ ਤੂੰ।
ਜੇਕਰ ਜਾਨਣਾ ਅੰਤ ਨੂੰ ਖਾਕ ਰਲਨਾਂ
ਕਿਉਂ ਨਹੀਂ ਪੁਰਖ ਅਕਾਲ ਧਿਆਂਵਦਾ ਤੂੰ।
ਜੇਕਰ ਜਾਨਣਾਂ ਅੰਤ ਨੂੰ ਲਦ ਜਾਨਾਂ
ਕਾਹਦੇ ਵਾਸਤੇ ਬੁਰਾ ਕਮਾਂਵਨਾਂ ਤੂੰ।
ਠਾਕਰ ਸਿੰਘ ਜੇ ਜਾਣਨਾ ਖਾਕ ਰਲਨਾ
ਕਾਹਦੇ ਵਾਸਤੇ ਅਤਰ ਲਗਾਵਨਾਂ ਤੂੰ।
ਜ਼ੇ ਜ਼ਬਾਨ ਥੀਂ ਸਚ ਦਾ ਪੜ੍ਹ ਕਲਮਾਂ
ਮੁਸਲਮਾਨ ਜੇ ਅਸਲ ਕਹਾਵਨਾਂ ਏਂ।
ਕੀਤਾ ਦਿਲ ਨੂੰ ਅੰਦਰੋਂ ਸਾਫ ਨਾਹੀਂ
ਮਸਣੇ ਕਢ ਕੁਰਾਨ ਵਖਾਵਨਾਂ ਏਂ।
ਨਹੀਂ ਪਾਕ ਪਲੀਤ ਦੀ ਖਬਰ ਕੋਈ
ਵਿਚ ਮਸਜਦਾਂ ਸੀਸ ਨਿਵਾਵਨਾ ਏਂ।
ਠਾਕਰ ਸਿੰਘ ਨਾਂ ਏਸ ਦਾ ਅਦਬ ਕੀਤਾ

Digitized by Panjab Digital Library | www.panjabdigilib.org

ਬਗਲ ਵਿਚ ਕੁਰਾਨ ਲੈ ਰਾਵਨਾਂ ਏ
ਸੀਨ ਸਾਫ ਕਰਕੇ ਚਿਤ ਆਪਣੇ ਨੂੰ
ਕਰੀਂ ਜਾਪ ਤੂੰ ਓਸ ਪਰਮਾਤਮਾਂ ਦਾ
ਨਿਯਤ ਸਾਫ ਮਿਜਾਜ਼ ਦਾ ਨਾਮ ਹੋਕੇ
ਦਰਸ਼ਨ ਕਰੀਂ ਤੂੰ ਸੰਤ ਮਹਾਤਮਾਂ ਦਾ
ਇਕ ਚਿੱਤ ਹੋ ਰੱਬ ਦਾ ਖੌਫ ਕਰਕੇ
ਪਕੜੀਂ ਚਰਨ ਜਾ ਪੁਰਸ਼ ਧ੍ਰਮਾਤਮਾਂ ਦਾ।
ਠਾਕਰ ਸਿੰਘ ਜੇ ਦੂਈ ਨੂੰ ਦੂਰ ਕਰੇਂ
ਭਲਾ ਹੋਵਸੀ ਤੁਧ ਦੇ ਆਤਮਾਂ ਦਾ।੧੧।
ਸ਼ੀਨ ਸ਼ਰ੍ਹਾ ਕੈਂਹਦੀ ਤੇਰੀ ਬੰਦਿਆ ਉਇ
ਕਰੀਂ ਕਿਬਰ ਹੰਕਾਰ ਨਾਂ ਮੂਲ ਧੰਦੇ
ਨਿਯਤ ਸਾਫ ਕਰ ਪੜ੍ਹੀਂ ਨਮਾਜ਼ ਤਾਂਈਂ
ਕਰੀਂ ਯਾਦ ਤੂੰ ਰੱਬ ਰਸੂਲ ਬੰਦੇ
ਕਲਮਾਂ ਸੱਚ ਦਾ ਪੜ੍ਹੀਂ ਜਬਾਨ ਵਿਚੋਂ
ਕਰੀਂ ਆਬਹਯਾਤ ਵਸੂਲ ਬੰਦੇ
ਠਾਕਰ ਸਿੰਘ ਜੇ ਹੋਰੇ ਸਾਫ ਮੋਮਨ
ਤੇਰਾ ਏਥੇ ਹੀ ਹੱਜ ਕਬੂਲ ਬੰਦੇ
ਸੁਵਾਦ ਸਾਫ ਕਰ ਚਿੱਤ ਨੂੰ ਵੇਖ ਬੰਦੇ
ਤੂੰ ਤਾਂ ਕਾਮ ਕ੍ਰੋਧ ਮੇਂ ਲਟਕ ਰਿਹਾ

Digitized by Panjab Digital Library | www.panjabdigilib.org

ਨਹੀਂ ਯਾਦ ਕੀਤਾ ਸਾਹਿਬ ਆਪਣੇ ਨੂੰ
ਤੂੰ ਤਾਂ ਅਰਸ਼ ਤੋਂ ਫਰਸ਼ ਤੇ ਪਟਕ ਰਿਹਾ।
ਕਿਤ ਮਾਰ ਖਾਵੇਂ ਜੀਵ ਦੂਸਰੇ ਨੂੰ
ਨਹੀਂ ਆਪਣੇ ਜਿਗਰ ਨੂੰ ਝਟਕ ਰਿਹਾ।
ਠਾਕਰ ਸਿੰਘ ਤੂੰ ਫਿਕਰ ਕਰ ਚਲਣੇ ਦਾ
ਕਾਲ ਸੀਸ ਉਤੇ ਤੇਰੇ ਕਟਕ ਰਿਹਾ।
ਜ਼ੁਆਦ ਜਬਾਨ ਤੂੰ ਆਪਣੀ ਸਾਫ ਰੱਖੀਂ
ਇਸ ਜ਼ਬਾਨ ਤੇ ਬੜੇ ਇਤਬਾਰ ਹੁੰਦੇ।
ਇਸ ਜ਼ਬਾਨ ਦਾ ਖਟਿਆ ਖਾਏ ਬੰਦਾ
ਇਸ ਜਬਾਨ ਤੇ ਲਖ ਵਪਾਰ ਹੁੰਦੇ।
ਇਸ ਜਬਾਨ ਸੇਂ ਪਾਈਏ ਸੁਖ ਏਥੇ
ਇਸ ਜਬਾਨ ਸੇ ਦੁਖ ਸਰਾਰ ਹੁੰਦੇ।
ਠਾਕਰ ਸਿੰਘ ਜਬਾਨ ਜੋ ਠੀਕ ਰੱਖੇ
ਅੱਗੇ ਜਾਇ ਬਹਿਸ਼ਤ ਦੀਦਾਰ ਹੁੰਦੇ।
ਤੋਏ ਤਰਫ ਭਗਵਾਨ ਦੀ ਝੁਕ ਜਾਵੀਂ
ਤੈਨੂੰ ਲੋੜ ਜੇਕਰ ਸੁਖ ਪਾਵਣੇ ਦੀ।
ਤੈਨੂੰ ਲੋੜ ਜੇ ਸਬਰ ਸੰਤੋਖ ਦੀਏ
ਕੀ ਲੋੜ ਹੈ ਭੀਖ ਮੰਗਾਵਨੇ ਦੀ।
ਤੈਨੂੰ ਲੋੜ ਜੇ ਨਾਮ ਦੇ ਚੋਲੜੇ ਦੀ

Digitized by Panjab Digital Library | www.panjabdigilib.org

ਕੀ ਲੋੜ ਹੈ ਸੂਟ ਹੰਡਾਵਣੇ ਦੀ।
ਤੈਨੂੰ ਖਬਰ ਜੇ ਖਾਕ ਦੇ ਵਿਚ ਰਲਨਾ
ਕੀ ਲੋੜ ਹੈ ਅਤਰ ਲਗਾਵਣੇ ਦੀ।
ਠਾਕਰ ਸਿੰਘ ਜੇ ਅੰਤ ਫਨਾਹ ਹੋਣਾਂ
ਕੀ ਲੋੜ ਸੀ ਮੈਹਲ ਪਵਾਵਣੇ ਦੀ।
ਜ਼ੋਏ ਜ਼ਾਹਰ ਆਂਵਦਾ ਨਜ਼ਰ ਸਭ ਕੁਝ
ਜਾਣ ਬੁਝਕੇ ਪਾਪ ਕਮਾਵਣਾਂ ਕਿਉਂ।
ਤੈਨੂੰ ਪਤਾ ਹੈ ਨਾਮ ਅਮੋਲ ਵਸਤੂ
ਜਾਣ ਬੁਝਕੇ ਮਨੋਂ ਭੁਲਾਵਨਾਂ ਕਿਉਂ।
ਤੈਨੂੰ ਪਤਾ ਹੈ ਸਚ ਤੇ ਰਬ ਰਾਜ਼ੀ
ਜਾਣ ਬੁਝਕੇ ਝੂਠ ਬੁਲਾਵਨਾਂ ਕਿਉਂ।
ਠਾਕਰ ਸਿੰਘ ਤੂੰ ਨਾਮ ਬੈਕੁੰਠ ਪਾਲੈ
ਵਿਚ ਹਾਵੀਆਂ ਦੋਜ਼ਖਾਂ ਜਾਵਨਾਂ ਕਿਉਂ।
ਐਨ ਐਬਾਂ ਦੇ ਆਨਕ ਵਸ ਪਿਓਂ
ਬੜੇ ਕੀਤੇ ਨੀ ਕੰਮ ਖਰਾਬੀਆਂ ਦੇ।
ਜਦੋਂ ਕਾਲ ਕਸਾਈ ਦਾ ਦਾ ਲਗਾ
ਚਲ ਜਾਇੰਗਾ ਵਾਂਗ ਮਤਾਬੀਆਂ ਦੇ
ਨਹੀਂ ਰਬ ਦੇ ਨਾਮ ਦਾ ਅਮਲ ਕੀਤਾ
ਪਿਆ ਵਿਹਦਾ ਏ ਵਾਂਗ ਸ਼ਰਾਬੀਆਂ ਦੇ।

Digitized by Panjab Digital Library | www.panjabdigilib.org

ਠਾਕਰ ਸਿੰਘ ਜਦ ਮੌਤ ਦੇ ਵੱਸ ਪਿਓਂ,
ਉੱਤਰਦਈਂ ਤੂੰ ਕਾਟ ਜੁਵਾਬੀਆਂ ਦੇ।੧੮
ਗ਼ੈਨ ਗ਼ਜ਼ਲ ਹੋਈ ਜਦੋਂ ਮੌਤ ਵਾਲੀ,
ਤਦੋਂ ਹੋਵਣਾਂ ਕੰਮ ਖਰਾਬ ਬੰਦੇ।
ਜਦੋਂ ਵਿਚ ਦਰਗਾਹਾ ਦੇ ਪੇਸ਼ ਹੋਇਓਂ,
ਤੈਨੂੰ ਮਿਲੂਗਾ ਬਹੌਤ ਅਜ਼ਾਬ ਬੰਦੇ।
ਧਰਮ ਰਾਜ ਲੇਖਾ ਜਦੋਂ ਮੰਗੇ ਗਾ,
ਓਥੇ ਦੇਵੇਗਾ ਕੀ ਜੁਵਾਬ ਬੰਦੇ।
ਠਾਕਰ ਸਿੰਘ ਲੇਖਾ ਜਦੋਂ ਪਿਆ ਦੇਣਾਂ,
ਤੈਨੂੰ ਆਵਣਾਂ ਨਹੀਂ ਹਸਾਬ ਬੰਦੇ।੧੯।
ਫ਼ੈ ਫ਼ਿਕਰ ਕਰ ਤੂੰ ਅਗੇ ਜਾਵਣੇਂ ਦਾ,
ਏਥੇ ਰਹਿਣ ਦਾ ਕੋਈ ਕਰਾਰ ਨਾਂਹੀਂ।
ਕਰੀਂ ਨੇਕੀਆਂ ਏਸ ਜਹਾਨ ਅੰਦਰ,
ਮੈਹਲ ਪਾਪ ਦੇ ਤੂੰ ਉਸਾਰ ਨਾਂਹੀਂ।
ਜਪੀਂ ਨਾਂਮ ਅਕਾਲ ਦਾ ਦਿਨੇਂ ਰਾਤੀਂ,
ਮਾਨਸ ਜਨਮ ਹੋਣਾਂ ਬਾਰ ਬਾਰ ਨਾਂਹੀਂ।
ਠਾਕਰਸਿੰਘ ਤੂੰ ਕਰੀਂ ਤਿਆਰੀਆਂ ਨੂੰ,
ਏਸ ਮੌਤ ਦਾ ਕੋਈ ਇਤਬਾਰ ਨਾਂਹੀਂ।੨੦
ਕਾਫ਼ ਕੱਚਿਆ ਕੱਚ ਕਮਾ ਰਿਹੋਂ,

Digitized by Panjab Digital Library | www.panjabdigilib.org

ਬੰਦੇ ਰੱਬ ਦਾ ਨਾਮ ਭੁਲਾਇਆ ਈ
ਜਿਹੋਂ ਦੂਸਰੇ ਜੀਵ ਨੂੰ ਮਾਰਦਾ ਤੂੰ,
ਉਤੇ ਛੁਰੀ ਨੂੰ ਚਾਇ ਚਲਾਇਆ ਈ
ਨਹੀਂ ਮਾਰਿਆ ਆਪਣੇਂ ਆਪ ਤਾਈਂ,
ਬੁਰਜ ਹੰਗਤਾ ਦਾ ਨਹੀਂ ਢਾਹਿਆ ਈ
ਠਾਕਰਸਿੰਘ ਦੇ ਜਿਹਾ ਨਾਂ ਹੋਰ ਪਾਪੀ,
ਦੁਨੀਆਂ ਵਿਚਕੋਈ ਰੱਬ ਬਨਾਇਆਈ
ਗਾਫ ਗਰਜ਼ ਚਾਂਹੇਂ ਬੰਦੇ ਆਪਣੀਂ ਤੂੰ,
ਅਤੇ ਦੂਸਰੇ ਦੀ ਗਰਜ ਲੋੜਦਾ ਨਈਂ
ਪੰਜੇ ਵੈਰ ਜੋ ਤੁਧ ਦੇ ਹੈਨ ਅੰਦਰ,
ਲੱਕ ਏਨਾਂ ਦਾ ਕਦੇ ਤਰੋੜਦਾ ਨਈਂ
ਨਤ ਦੂਸਰੇ ਜੀਵ ਨੂੰ ਮਾਰਨਾ ਏਂ,
ਧੌਣ ਚਿਤ ਦੀ ਕਦੇ ਮਰੋੜ ਦਾ ਨਈਂ
ਠਾਕਰ ਸਿੰਘ ਤੂੰ ਫਿਰੇਂ ਮਗਰੂਰ ਹੋਇਆ,
ਹੱਥ ਸੈਹਬ ਸੱਚੇ ਅਗੇ ਜੋੜਦਾ ਨਈਂ
ਲੋਭ ਲਾਲਚਾਂ ਦੇ ਵਿਚ ਲੱਗ ਕੇ ਤੇ,
ਬੰਦੇ ਜਨਮ ਅਮੋਲ ਗਵਾਇਆ ਈ
ਰਿਹੋਂ ਜੰਗਲਾਂ ਵਿਚ ਖੁਆਰ ਹੁੰਦਾ,
ਰਸਤਾ ਰੱਬ ਦਾ ਹਥ ਨਾਂ ਆਇਆ ਈ

Digitized by Panjab Digital Library | www.panjabdigilib.org

ਸਾਰੀ ਉਮਰ ਤੂੰ ਰਿਹੋਂ ਬਦ ਫੈਲੀਆਂ ਚ,
ਹੁਣ ਵਕਤ ਅਖੀਰ ਦਾ ਆਇਆ ਈ।
ਠਾਕਰ ਸਿੰਘ ਤੂੰ ਵਿਚ ਗੁਮਾਨ ਭਰਿਆ,
ਤੈਨੂੰ ਕਾਲ ਨੇਂ ਮਾਰ ਮੁਕਾਇਆ ਈ ।੨੩
ਹੁਣ ਨਾਮ ਨਾਂ ਜਪੇ ਅਕਾਲ ਦਾ ਤੂੰ,
ਝੂਠੇ ਧੰਦਿਆਂ ਦੇ ਵਿਚ ਫਸ ਰਿਹੋਂ।
ਕਰੇ ਝੂਠੀਆਂ ਸੰਗਤਾਂ ਵਿਚ ਦੁਨੀਆਂ,
ਖੋਟੀ ਨਾਲ ਘਸਵੱਟੀ ਦੇ ਘਸ ਰਿਹੋਂ।
ਭਲੇ ਕਰਮ ਨੂੰ ਵੇਖ ਕੇ ਨਕ ਵਟੇਂ,
ਖੋਟੀ ਵਾਸ਼ਨਾਂ ਦੇ ਵਿਚ ਹਸ ਰਿਹੋਂ।
ਠਾਕਰ ਸਿੰਘ ਤੂੰ ਕਰੇਂ ਬੁਰਿਆਈਆਂ ਨੂੰ,
ਨਾਮ ਰਬ ਦਾ ਵੇਖ ਕੇ ਨੱਸ ਰਿਹੋਂ।
ਵਾਓ ਵਖਤ ਨਾਂਹੀਂ ਹੱਥ ਆਵਣਾਂ ਏਂ,
ਜੇਹੜਾ ਵਿਚ ਬਦਫੈਲੀਆਂ ਲੰਘ ਗਿਆ।
ਨਾਮ ਰੱਬ ਦਾ ਬੜੀ ਅਮੋਲ ਵਸਤੂ,
ਜਿਨ ਸਿਮਰਿਆ ਓਸ ਨੂੰ ਰੰਗ ਗਿਆ।
ਸਦਾ ਰਹੇ ਹੰਕਾਰ ਦ ਵਿਚ ਭਰਿਆ,
ਬੰਦਾ ਰੱਬ ਦੇ ਨਾਮ ਤੋਂ ਸੰਗਿ ਗਿਆ।
ਠਾਕਰ ਸਿੰਘ ਸਿਧਾਰ ਧੰਦਾ ਛਡਕੇ ਤੇ,

Digitized by Panjab Digital Library | www.panjabdigilib.org

ਪਾਪੀ ਰਹਾ ਅਪੁਠੜੇ ਲੰਘ ਰਿਹਾ।੨

ਹੇ ਹੁਕਮ ਅਦੂਲ ਕੇ ਸਾਹਿਬ ਦਾ ਤੂੰ,
ਬੰਦੇ ਪੁਠੜੇ ਰਾਹ ਨੂੰ ਜਾਵਨਾਂ ਏਂ
ਨਹੀਂ ਕਿਸੇ ਦਾ ਕੰਮ ਪਸਿੰਦ ਰਖੇ,
ਅਕਲ ਆਪਣੀਂ ਬੜੀ ਬਨਾਂਵਨਾ ਏ
ਭਰਿਆ ਫਿਰੇਂ ਤੂੰ ਖੁਦੀ ਗੁਮਾਨ ਅੰਦਰ,
ਰੱਬ ਯਾਦ ਨਾਂ ਰੱਬ ਸਦਾਵਨਾ ਏਂ
ਠਾਕਰ ਸਿੰਘ ਤੂੰ ਜਾਤ ਦੀ ਕੋਹੜ ਕਿਰਲੀ,
ਜੱਫੇ ਨਾਲ ਸ਼ਤੀਰਾਂ ਦੇ ਪਾਵਨਾਂ ਏ ੨੬

ਯੇ ਯਾਦ ਕਰ ਤੂੰ ਸਾਹਿਬ ਆਪਣੇ ਨੂੰ,
ਕਿਓਂ ਫਿਰ ਦਾ ਏਂ ਮਧਵਾਨਿਆਂ ਦੇ
ਕਾਲ ਚੋਰ ਦੇ ਵਾਂਗਰਾਂ ਦਾ ਲਾਵੇ,
ਜਿੰਦ ਕਢਦਾ ਨਾਲ ਬਹਾਨਿਆਂ ਦੇ
ਬਿਨਾਂ ਬੰਦਗੀ ਬੰਦਿਆ ਵਿਚ ਗਲੀਆਂ,
ਪਿਆ ਫਿਰਦਾ ਏਂ ਵਾਂਗ ਦੀਵਾਨੀਆਂ ਦੇ
ਠਾਕਰ ਸਿੰਘ ਪਰਮਾਤਮਾਂ ਵਿਚ ਤੇਰੇ,
ਕਾਹ ਨੂੰ ਲੱਭਦਾ ਹੈਂ ਵਿਚ ਖਾਨਿਆਂ ਦੇ।੨੭

(ਰਲੇ ਮਿਲੇ ਬੈਂਤ)

ਮਨਾ ਮੇਰਿਆ ਕਰੂੰ ਅਪਰਾਧ ਐਡੇ,

Digitized by Panjab Digital Library | www.panjabdigilib.org

ਕਦੇ ਰੱਬ ਦਾ ਨਾਮ ਨਾਂ ਲੀਤੜਾ ਈ।
ਝੂਠੇ ਲਾਲਚਾਂ ਦੇ ਵਿਚ ਲਗ ਰਿਹੋਂ,
ਕਦੇ ਚੱਜ ਦਾ ਕੰਮ ਨਾਂ ਕੀਤੜਾ ਈ।
ਪੈਹਨੇ ਕਪੜੇ ਰੇਸ਼ਮੀ ਮਖ਼ਮਲਾਂ ਦੇ,
ਚੋਲਾ ਨਾਮ ਦਾ ਕਦੇ ਨਾਂ ਸੀਤੜਾ ਈ।
ਕੀਤਾ ਮੂਲ ਨਾਂ ਰੱਬ ਨੂੰ ਯਾਦ ਕਦੇ,
ਹੀਰਾ ਜਨਮ ਜਿਸ ਤੁਧ ਨੂੰ ਦਿਤੜਾ ਈ।
ਮਨਾਂ ਮੇਰਿਆ ਸਮਝ ਵਿਚਾਰ ਖਾਂ ਤੂੰ,
ਤੈਨੂੰ ਜ਼ਰਾ ਗਿਆਨ ਨਾਂ ਹੋਇਆ ਈ।
ਵਿਚੇ ਲੱਭ ਦਾ ਢੋਲਣਾਂ ਰਖੀਆਂ ਨੂੰ,
ਕਦੇ ਰੱਬ ਦਾ ਨਾਮ ਨਾਂ ਟੋਹਿਆ ਈ।
ਦਿਨੇਂ ਫਿਰੇਂ ਤੂੰ ਠਗਾਂ ਦਾ ਸੰਗ ਤਾਂਈਂ,
ਰਾਤੀ ਸੁਖ ਦੀ ਨੀਂਦਰੇ ਸੋਇਆ ਈ।
ਰੋਂਦਾ ਫਿਰੇਂ ਆਪਣੇਂ ਪੈਸਿਆਂ ਨੂੰ,
ਕਦੇ ਵਿਚ ਵੈਰਾਗ ਨਾਂ ਰੋਇਆ ਈ।
ਮਨਾ ਮੇਰਿਆ ਰਬਦੇ ਨਾਮ ਬਾਝੋਂ,
ਤੈਨੂੰ ਜਮਾਂ ਨੇ ਆਨਕੇ ਘੂਟਨਾਂ ਈਂ।
ਐਵੇਂ ਕਰ ਰਿਹੋਂ ਤੂੰ ਚਾਲਕੀਆਂ ਵਿਚ ਭੌਂਦਾ,
ਵਿਚ ਹਾਵੇ [illegible] ਆਂ ਸੁਟਨਾਂ ਈਂ।

Digitized by Panjab Digital Library | www.panjabdigilib.org

ਰਿਹੋਂ ਪਾਪ ਕਮਾਵਦਾ ਉਮਰ ਸਾਰੀ,
ਤੈਨੂੰ ਕੀਮੀਏ ਵਾਂਗਰਾਂ ਕੁਟਨਾਂ ਈਂ ।
ਠਾਕਰ ਸਿੰਘ ਜੇ ਜਪੇਗਾਂ ਨਾਮ ਤਾਈਂ,
ਫਾਹੀ ਜਮਾਂ ਦੀ ਤੋਂ ਤੈਨੂੰ ਛੁਟਨਾਂ ਈਂ ।
ਜਿੰਦੇ ਲੋੜ ਜੇਕਰ ਸੁਖ ਵੇਖਣੇ ਦੀ,
ਕਰੀਂ ਯਾਦ ਤੂੰ ਓਸ ਕਰਤਾਰ ਤਾਈਂ ।
ਤੈਨੂੰ ਲੋੜ ਜੇ ਜਗ ਦੇ ਜਿਤਣੇ ਦੀ,
ਜਿਤ ਲਈਂ ਤੂੰ ਵਿਸ਼ੇ ਵਿਕਾਰ ਤਾਈਂ ।
ਜੇਕਰ ਲੋੜ ਸ਼ਿਕਾਰ ਦੇ ਮਾਰਨੇ ਦੀ,
ਗੋਲੀ ਮਾਰ ਤੂੰ ਇਸ ਹੰਕਾਰ ਤਾਈਂ ।
ਤੈਨੂੰ ਲੋੜ ਜੇਕਰ ਵੈਰੀ ਮਾਰਨੇ ਦੀ,
ਮਾਰ ਲਈਂ ਤੂੰ ਗੁਸੇ ਮਕਾਰ ਤਾਈਂ ।੫।
ਮਨਾ ਛਡਦੇ ਪਾਪ ਕਮਾਂਵਨਾਂ ਤੂੰ,
ਪਾਪ ਬੜਾ ਬਦਕਾਰ ਕਹਾਂਵਦਾ ਈ ।
ਪਾਪ ਕੀਤੀਆਂ ਕਿਤੇ ਨਾਂ ਮਿਲੇ ਢੋਈ,
ਸੱਚਾ ਰੱਬ ਵੀ ਡੰਡ ਲਗਾਂਵਦਾ ਈ
ਜਿਨਹਾਂ ਵਾਸਤੇ ਕਰੇਂ ਤੂੰ ਪਾਪ ਬੰਦੇ,
ਅਗੇ ਹੋ ਨਾ ਕੋਈ ਛੁੜਾਂਵਦਾ ਈ ।
ਠਾਕਰ ਸਿੰਘ ਜੋ ਕ... ਤਾਈਂ,

Digitized by Panjab Digital Library | www.panjabdigilib.org

ਆਖਰਕਾਰ ਪਿਛੋਂ ਪਛਤਾਵਣਾ ਈਂ।
ਬੰਦੇ ਜਪਲੈ ਰੱਬਦਾ ਨਾਮ ਸਚਾ,
ਜਿਸ ਸਾਗਰੋਂ ਪਾਰ ਲੰਘਾਵਣਾ ਈਂ।
ਜਿਸ ਦੇਹੀ ਦਾ ਕਰੇਂ ਤੂੰ ਮਾਨ ਐਡਾ,
ਇਸ ਕਿਸੇ ਵੀ ਕੰਮ ਨਾ ਆਵਣਾਂ ਈ।
ਜਿਸ ਰੂਪਦਾ ਤੁਧ ਨੂੰ ਮਾਂਨ ਵੱਡਾ,
ਏਸ ਰੂਪ ਨੇਂ ਖਾਕ ਰਲ ਜਾਵਣਾ ਈਂ।
ਠਾਕਰ ਸਿੰਘ ਤੂੰ ਰਬਦਾ ਨਾਮ ਜਪਲੈ,
ਜਿਸ ਵਧਿਓਂ ਤੁਰਤ ਛੁਟਾਵਣਾਂ ਈਂ।
ਬੰਦੇ ਆਇਆ ਸਾਂ ਵਾਸਤੇ ਬੰਦਗੀ ਦੇ,
ਏਥੇ ਆਇਕੇ ਹੋ ਮਗਰੂਰ ਬੈਠੋਂ।
ਕਰੇਂ ਠਗੀਆਂ ਚੋਰੀਆਂ ਯਾਰੀਆਂ ਤੂੰ,
ਹੀਰੇ ਜਨਮ ਨੂੰ ਕਰ ਮਨੂਰ ਬੈਠੋਂ।
ਤੇਰਾ ਕੰਮ ਸੀ ਰੱਬਦਾ ਨਾਮ ਜਪਣਾਂ,
ਏਥੇ ਕਰ ਤੂੰ ਬੜਾ ਕਸੂਰ ਬੈਠੋਂ।
ਠਾਕਰਸਿੰਘ ਨਹੀਂ ਅਜੇ ਸਮਝਦਾ ਤੂੰ,
ਬੜਾ ਰੱਬਦੀ ਮਜਲ ਤੋਂ ਦੂਰ ਬੈਠੋਂ।੮।
ਮਨਾ ਰੱਬ ਦਾ ਨਾਮ ਜਪ ਦਿਨੇ ਰਾਤੀ,
ਾਪੀ ਮਨੋ [illegible] ਰਿਆਈਆਂ ਨੂੰ।

Digitized by Panjab Digital Library | www.panjabdigilib.org

ਐਥੇ ਵੇਲੜੇ ਆਵਸੀ ਯਾਦ ਤੈਨੂੰ,
ਹੋਂ ਕਰਗਾ ਨਾਲ ਰਰਾਹੀਆਂ ਨੂੰ ।
ਪੱਛੋਂ ਤਾਵੇਂਗਾ ਅੰਤ ਦੇ ਵੇਲੜੇ ਤੂੰ,
ਯਾਦ ਕਰੇਂਗਾ ਗੱਲਾਂ ਵਿਹਾਈਆਂ ਨੂੰ ।
ਠਾਕਰ ਸਿੰਘ ਤੂੰ ਅਜੇ ਵੀ ਸਮਝ ਜਾਵੇਂ,
ਤੈਨੂੰ ਦਸਦਾ ਨੇਕ ਸਲਾਹੀਆਂ ਨੂੰ ।੯।
ਮਨਾ ਮੇਰਿਆ ਆਇਕੇ ਜੱਗ ਉਤੇ,
ਜ਼ਰਾ ਰੱਬ ਦਾ ਨਾਮ ਧਿਆਇ ਲਈਂ ।
ਪਿਛੇ ਹੋਏ ਗੁਨਾਹ ਜੋ ਤੁਧ ਪਾਸੋਂ,
ਹੱਥ ਜੋੜਕੇ ਸਭ ਬਖਸ਼ਾ ਲਈਂ ।
ਨੇਕੀ ਕਰੀਂ ਤੇ ਜੱਗ ਦੇ ਵਿਚ ਰਹਿਕੇ,
ਨਾਂ ਤੂੰ ਭੁਲਕੇ ਬੁਰਾ ਕਮਾਇ ਲਈਂ ।
ਠਾਕਰ ਸਿੰਘ ਜੇ ਕਰੇਂ ਬਦ ਬਖਤਿਆਂ ਨੂੰ
ਕੀਤ ਆਪਣੇ ਨੂੰ ਫੇਰ ਪਾਇ ਲਈਂ ।੧੦।
ਮਨਾ ਰੱਬਦਾ ਨਾਮ ਅਮੋਲਕ ਹੀਰਾ,
ਕੋਈ ਵਿਰਲਾ ਪਾਰਖੂ ਜਾਣਦਾ ਈ ।
ਲੱਭ ਲਿਆ ਬਦਸ਼ਕਲਦਾ ਲਾਲ ਜਿਸਨੇ,
ਸੇਜ ਆਪਣੀਂ ਚ ਰੂੰਨਾ ਮਾਣਦਾ ਈ ।
ਜਾਣੀ ਵੇਖਣਾ ਕੋ... ਤਾਂ ਨੇ.

Digitized by Panjab Digital Library | www.panjabdigilib.org

ਜੇਹੜਾ ਰੱਬਦੇ ਨਾਮ ਨੂੰ ਜਾਂਣਦਾ ਈ।
ਠਾਕਰ ਸਿੰਘ ਬਿਨ ਬੰਦਗੀ ਗਧੇ ਵਾਂਗੂੰ,
ਫਿਰਦਾ ਰਾਤ ਦਿਨੇ ਘਟਾ ਛਾਣਦਾ ਈ।
ਧੰਨ ਭਗਤ ਭਗਵਾਨ ਦੇ ਹੈਨ ਸੋਈ,
ਜੇਹੜੇ ਸਰਦਾ ਕਰ ਸਤਸੰਗ ਗਏ।
ਧੁਰੋਂ ਜਿਨ੍ਹਾਂ ਦੇ ਨੇਕ ਨਸੀਬ ਹੁੰਦੇ,
ਰਸਤੇ ਓਹ ਬਹਿਸਤ ਦੇ ਲੰਘ ਗਏ।
ਨਹੀਂ ਲੱਭਦੇ ਸਾਬਣਾਂ ਸਾਜੀਆਂ ਨੂੰ,
ਚੋਲਾ ਨਾਮ ਮਜੀਠ ਵਿਚ ਰੰਗ ਗਏ।
ਕਈਆਂ ਸਾਹਿਬ ਦਾ ਨਾਮ ਪਛਾਂਣ ਲਿਆ
ਕਈ ਛਾਣਦੇ ਸਖਣੀ ਭੰਗ ਗਏ।੧੨।
ਬੰਦੇ ਨਾਮ ਤੋਂ ਬਿਨਾਂ ਨਾ ਮਿਲੇ ਢੋਈ,
ਭਾਵੇਂ ਵੇਖਲੈ ਪੜ੍ਹਕੇ ਬੇਦ ਚਾਰੇ।
ਪੜ੍ਹਕੇ ਵਿਦਿਆ ਕਰੇ ਜੇ ਅਮਲ ਨਾਂਹੀ,
ਜਾਣ ਓਸਦੇ ਫੇਰ ਨਸੀਬ ਹਾਰੇ।
ਬਿਨਾਂ ਨਾਮ ਤੋਂ ਫਿਰੇ ਖੁਵਾਰ ਹੁੰਦਾ,
ਦੁੱਖ ਲੱਗਦੇ ਆਇਕੇ ਬਹੌਤ ਭਾਰੇ।
ਠਾਕਰ ਸਿੰਘ ਦੇ ਬਖਸ਼ ਗੁਨਾਹ ਰੱਬਾ,
ਕੀਤੇ ਜ[illegible] ਫਰੇਬ ਭਾਰੇ।੧੩

Digitized by Panjab Digital Library | www.panjabdigilib.org

ਮੰਦੇ ਕਰਮ ਤੋਂ ਬੰਦਿਆ ਰਹੋ ਬਚਕੇ,
ਮੰਦਾ ਕਰਮ ਹੀ ਜੜਹਾਂ ਤੋਂ ਪੁਟਦਾ ਈ।
ਮੰਦਾ ਕਰਮ ਮੰਗਾਂਵਦਾ ਟੁਕੜਿਅ ਨੂੰ,
ਮੰਦਾ ਕਰਮ ਉਖੇੜ ਕੇ ਸੁਟਦਾ ਈ।
ਮੰਦੇ ਕਰਮ ਮੇ ਦੌਲਤਾਂ ਜੋੜ ਲਈਆਂ,
ਚੋਰ ਆਇਕੇ ਝੁੰਗੜਾ ਲੁਟਦਾ ਈ।
ਠਾਕਰ ਸਿੰਘ ਇਕ ਰੱਬਦਾਨਾਮ ਰਹਿੰਦਾ
ਅੰਤ ਕਾਲ ਨੂੰ ਕੂੜ ਨ ਖੁਟਦਾ ਈ।੧੪।
ਮਨਾਂ ਜੇਕਰ ਸੁਖਨੂੰ ਚਾਂਹਵਨਾ ਏ,
ਸੱਚੇ ਰੱਬਦੇ ਨਾਲ ਖਿਆਲ ਕਰਲੈ।
ਨਾਲ ਜਾਵਣਾਂ ਸਾਹਿਬ ਦਾ ਨਾਮ ਤੇਰੇ,
ਸਿਮਰਨ ਓਸਦਾਤੂੰ ਵਾਰ ਵਾਰ ਕਰਲੈ
ਕਾਹਨੂੰ ਦੇਖਦਾ ਨਕਲ ਤਮਾਸਿਆ ਨੂੰ,
ਨਾਮ ਰੱਬ ਦੇ ਦਾ ਤੂੰ ਜਮਾਲ ਕਰਲੈ।
ਕਾਮ ਕ੍ਰੋਧ ਹੰਕਾਰ ਦੇ ਰੋਕਣੇ ਨੂੰ,
ਨਾਮ ਵਾਹਿਗੁਰੂ ਦਾ ਇਕ ਢਾਲ ਕਰਲੈ
ਬੰਦੇ ਚਾਰ ਦਿਹਾੜੇ ਦੀ ਜਿੰਦਗੀ ਏ,
ਕਾਹ ਦੇ ਵਾਸਤੇ ਔਤਰੇ ਪਾਪ ਕਰਦਾ।
ਹੀਰਾ ਜਨਮ ਜਿਸ [illegible] ਬਖਸਿਆ ਏ

Digitized by Panjab Digital Library | www.panjabdigilib.org

ਨਹੀ ਓਸ ਗੋਬਿੰਦ ਦਾ ਜਾਪ ਕਰਦਾ।
ਬਦੀ ਕਰੇਂ ਤੇ ਕਹੇਂ ਤਕਦੀਰ ਐਸੀ,
ਨੇਕੀ ਕਰੇਂ ਤੇ ਕਹੇਂ ਮੈਂ ਆਪ ਕਰਦਾ।
ਠਾਕਰ ਸਿੰਘ ਜੋ ਪੁਰਖ ਅਕਾਲ ਸੱਚਾ,
ਕਿਉਂ ਨਹੀਂ ਓਸ ਤੋਂ ਪਾਪੀਆ ਮੂਲ ਡਰਦਾ।
ਮਨਾ ਕਾਸਦੇ ਵਾਸਤੇ ਤਮਾ ਕਰਦਾ,
ਤਮਾਂ ਬੁਰੀ ਬਲਾ ਕਹਾਂਵਦੀ ਏ।
ਹੋਵੇ [illegible] ਨਸੀਬ ਬੈਕੁੰਠ [illegible]
ਤਮਾ ਨਰਕ ਦੇ ਵਿਚ [illegible]
[illegible] ਧਾਰਕੇ ਰੂਪ
ਭਲੇ ਬੁਰੇ ਦੀ [illegible]
ਕੁਛ ਆਪਣੇ [illegible]
ਤਮਾਂ ਕ[illegible]
ਤਮਾਂ [illegible]

Digitized by Panjab Digital Library | www.panjabdigilib.org

ਜਿਧਰ ਚਾਂਵਦੀ ਓਦਰੇ ਲੈ ਜਾਂਦੀ,
ਤ੍ਰਿਸ਼ਨਾਂ ਭੁਖੜਾਂ ਜਾਨ ਸੁਕਾਂਵਦੀ ਏ।
ਭਲੇ ਮਾਣਸਾਂ ਤਮਾਂ ਨਸ਼ਰ ਕਰਦੀ,
ਪੈਸੇ ਪਿਛੇ ਬਦਨਾਮ ਕਰਾਂਵਦੀ ਏ।
ਭਲੇ ਕੰਮਨੂੰ ਕਦੀ ਨਾਂ ਜਾਣ ਦੇਂਦੀ,
ਬੁਰੇ ਵਲ ਜਰੂਰ ਲੈ ਜਾਂਵਦੀ ਏ।
ਤਮਾਂ ਆਖਦੀ ਕਰਾਂ ਅਮੀਰ ਤੈਨੂੰ,
ਵਿਚ ਜਮੀਨ ਦਬਾਂਵਦੀ ਏ।
...ਾਂਵਦੀ ਬੜਾ ਸਰਫਾ,
...ਕਰਾਂਵਦੀ ਏ।੧੭।
...ਨੂੰ ਛਡਕੇ ਤੇ,
...ਟਿਕਾ ਲਈਂ।
...ਕਰਦੇ,
...ਈਂ।

Digitized by Panjab Digital Library | www.panjabdigilib.org

ਸ਼ੁਰਜ ਹੰਗਤਾ ਨੂੰ ਦਿਲੋਂ ਢਾਹ ਲਈਂ।
ਨਾਮ ਰੱਬ ਦੇ ਦਾ ਕਰੀਂ ਸ਼ੋਰ ਹਰਦਮ
ਪਾਪ ਵਿਚ ਨਾਂ ਜਨਮ ਗਵਾ ਲਈਂ।
ਪੈਸਾ ਧਰਮ ਪਿਛੇ ਕਰ ਖਰਚ ਜਾਈਂ,
ਨੋਟ ਖਾਸ ਦਰਗਾਹ ਚੋਂ ਜਾ ਲਈਂ।
ਲੇਖਾ ਲਿਖੀਂ ਤੂੰ ਰੱਬ ਦੇ ਨਾਮ ਵਾਲਾ,
ਅਗੇ ਜਾਇ ਹਿਸਾਬ ਕਰਾ ਲਈਂ
ਜੜ੍ਹਾਂ ਪਾਪ ਦੀਆਂ ਦਿਲੋਂ ਪੁਟ ਦੇ
ਜ਼ਰਾ ਧਰਮ ਦਾ ਬੀ
ਚਾਨਣ ਕਰੀਂ ਅੰਧੇ
ਦੀਵਾ ਧਰਮ ਦ
ਤੇ ਨਾਮ ਦਾ
ਵਿਚ
ਨਾਮ

Digitized by Panjab Digital Library | www.panjabdigilib.org

ਜੇਕਰ ਜੀਵ ਨੂੰ ਮਾਰਕੇ ਖਾਵਸੇਂ ਗਾ,
ਕਦੇ ਓਸ ਤੈਨੂੰ ਮਾਰ ਖਾਵਣਾਂ ਈਂ।
ਜਿਸ ਜੀਵ ਦੀ ਰਛਿਆ ਕਰੇਂ ਐਥੇ,
ਤੈਨੂੰ ਓਸਨੇਂ ਜਾਇ ਛੁਡਾਵਣਾਂ ਈਂ।
ਜੇਕਰ ਚੋਰੀਆਂ ਯਾਰੀਆਂ ਕਰੇਂ ਏਥੇ,
ਛਿਤਰ ਪੈਂਦਿਆਂ ਵਾਰ ਨਾਆਵਣਾਂਈਂ।
ੇਕਰ ਕਿਸੇ ਦੀ ਨਿੰਦਿਆ ਕਰੇਂ ਪਾਪੀ,
ਰ ਹਾੀਆਂ ਦੋਜਖਾਂ ਪਾਵਣਾਂ ਈਂ।
ੇਂ ਝੂਠ ਤੂਫਾਨ ਏਥੇ,
ਾ ਨੇ ਪਾਵਣਾ ਈਂ।
ਭਜਨ ਭਰਲੈ,
ਾਵਣਾਂ ਈਂ।੨੩
ਲੜੇ ਨੂੰ,
ਆਸੀ

Digitized by Panjab Digital Library | www.panjabdigilib.org

ਇਕਰਾਰ ਜੋ ਤੂੰ ਠੈਹਰਾਇਆ ਸੀ ।੨੫।
ਮਨਾਂ ਜੱਗ ਸਾਰਾਏ ਮੁਸਾਫਰਾਂ ਦੀ,
ਕੋਈ ਜਾਂਵਦਾ ਤੇ ਕੋਈ ਆਇ ਰਿਹਾ।
ਬੰਦਾ ਘੱਲਿਆ ਵਾਸਤੇ ਬੰਦਗੀ ਦੇ,
ਏਥੇ ਝੂਠ ਦੇ ਕੰਮ ਚਲਾਏ ਰਿਹਾ।
ਕਦੇ ਕਰੇ ਚੋਰੀ ਕਦੇ ਕਰੇ ਠੱਗੀ.
ਸੱਚੇ ਰੱਬ ਨੂੰ ਦਿਲੋਂ ਭੁਲਾਏ ਰਿ
ਧਰਮ ਵਾਸਤੇ ਕੋਈ ਨਾਂ ਕੰ
ਸਾਰੇ ਦਗਾ ਫਰੇ
ਤੈਨੂੰ ਘਲਿਆ ਵ
ਏਥੇ ਆ
ਤੈਨੂੰ ਘਲਿ
ਓਨਾਦਾ

Digitized by Panjab Digital Library | www.panjabdigilib.org

ਤੈਨੂੰ ਘਲਿਆ ਨਾਮ ਦੇ ਗਾਵਣੇਂ ਨੂੰ,
ਏਥੇ ਕੂੜ ਦੇ ਰਾਗ ਅਲਾਏ ਰਿਹਾ।
ਤੈਨੂੰ ਘਲਿਆ ਵਾਸਤੇ ਦਇਆ ਦੇ ਸੀ,
ਏਥੇ ਕਰੋਧ ਨੂੰ ਸਿਰੇ ਚੜ੍ਹਾਏ ਰਿਹਾ।
ਠਾਕਰ ਸਿੰਘ ਤੂੰ ਰੱਬ ਦਾ ਨਾਮ ਜਪ ਲੈ,
ਚਾਹਦੇ ਵਾਸਤੇ ਜਨਮ ਗਵਾਇਰਿਹਾ ਏ।
ਸਾਹਿਬ ਦੇ ਨਾਲ ਪਰੀਤਕਰਲੈ,
ਚੰਦ ਦੇ ਨਾਲ ਚਕੋਰ ਦੀ ਏ।
ਬੂੰਦ ਪਪੀਹਰੇ ਦੀ,
ਨਾਲ ਮੋਰ ਦੀ ਏ।
ਏ ਰਹੀ,
ਦੀ ਏ।
ਬਾਝੋਂ,

Digitized by Panjab Digital Library | www.panjabdigilib.org

ਓਥੇ ਕੀ ਜੁਵਾਬ ਸੁਨਾਵਸੇਂ ਗਾ।
ਜਦੋਂ ਆਨਕੇ ਜਮਾ ਨੇ ਘੇਰ ਲਿਆ,
ਹੱਥ ਜੋੜ ਗੁਨਾਹ ਬਖਸ਼ਾਵਸੇਂ ਗਾ
ਕਰੀ ਇਕ ਅਕਾਲ ਨੂੰ ਯਾਦ
ਸਾਰੀ ਉਮਰ ਤੂੰ ਸੁਖ ਨੂੰ ਪਾਵ
ਬਿਨਾ ਨਾਮ ਤੋਂ ਕਿਤੇ ਨਾ ਮਿਲੇ
ਗਏ ਵਕਤ ਨੂੰ ਫੇਰ ਪ
ਹੁਣ ਕਰੇਂ ਬਦ ਫੈਲੀਆਂ
ਮਰਨ ਲਗਿਆਂ ਰ
ਠਾਕਰ ਸਿੰਘ ਤੂੰ
ਸਾਰੀ ਉ
ਮਨਾਂ ਮੇ

Digitized by Panjab Digital Library | www.panjabdigilib.org

ਭਲੇ ਕੰਮ ਤੋਂ ਪਿਛਾਂ ਪਰਤ ਜਾਵੇ,
ਬੁਰਾ ਕਰਦਿਆਂ ਕਦੇ ਨਾ ਰੱਜਦਾ ਈ।
ੀਆ ਵ੍ਰਿਚ ਬਦ ਫੈਲੀਆਂ ਫਿਰੇਂ ਭੌਂਦਾ,
ਮਝਦਾ ਨਾਂ ਲੋਕ ਲੱਜਦਾ ਈ।
ਦੇ ਫੋਲਕੇ ਜਾਹਰ ਕਰਦਾ,
ਪਣੇ ਐਬਨੂੰ ਕੱਜਦਾ ਈ।
ਕਰਮ ਕਮਾਂਵਦਾ ਈ,
ਦੇ ਨਾਲ ਬੱਝਦਾ ਈ।
ੇ ਭਗਵਾਨ ਤਾਈ,
ਸੱਜਦਾ ਈ।
ਲੈਂਦਾਂ,
ਜਦਾ ਈ।

ਵਿਚੋਂ ਮਾਰ ਹੰਕਾਰ ਨੂੰ ਖਾ ਲਵੇਂ ।
ਗੋਲੀ ਮਾਰ ਦੂਰੋਂ ਰਾਮ ਨਾਂਮ ਵਾਲੀ,
ਸ਼ਿਸਤ ਰੱਬਦੇ ਨਾਮ ਦੀ ਲਾ ਲਵੇਂ ।
ਤੈਨੂੰ ਲੋੜ ਜੇਕਰ ਬਾਜੀ ਜਿਤਣੇ ਦੀ,
ਰਾਮ ਨਾਮ ਸ਼ਤਰੰਜ ਵਿਛਾ ਲਵੇਂ ।
ਤੈਨੂੰ ਲੋੜ ਜੇਕਰ ਜੱਗ ਜਿਤਣੇ ਦੀ,
ਵਿਚੋਂ ਮੈਂ ਨੂੰ ਮਾਰ ਮੁ
ਜੇਕਰ ਲੋੜ ਬਹਿਸ਼ਤ ਦੇ
ਸੀਸ ਰੱਬਦੇ ਵ
ਠਾਕਰ ਸਿੰਘ ਿ
ਭਾਵੇਂ
ਮਨਾਂ ਮੂ

Digitized by Panjab Digital Library | www.panjabdigilib.org

ਮਨਾਂ ਮੇਰਿਆ ਕੁਛ ਨਹੀਂ ਪਤਾ ਦਸਦਾ,
ਹੁਣ ਆਇਆ ਤੇਪਲਕਨੂੰਆਵਣਾਂ ਨਈਂ
ਕੁਛ ਪਤਾ ਨਹੀਂ ਇਸ ਅੰਨ ਜਲ ਦਾ,
ਹੁਣਖਾਧਾ ਤੇ ਪਲਕ ਨੂੰ ਖਾਵਣਾ ਨਈਂ।
ਹਈਂ ਆਪਣੀਂ ਜੀਂਵਦੇ ਦਾਨ ਕਰੀਏ,
ਾਂ ਬ_ਦ ਏਹ ਕਿਸੇ ਪੁਚਾਵਣਾਂ ਨਈਂ
ਨਹੀ ਏਸ ਰੂਹਾਦਾ ਈ,
ਸੇ ਮਨਾਂਵਣਾਂ ਨਈਂ।
ਪਰਾਣ ਤਜਣੇਂ,
ਲਾਵਣਾਂਨਈਂ।
ਆ ਦਾ,
ਾਂ ਨਈ।

Digitized by Panjab Digital Library | www.panjabdigilib.org

ਨਰਕ ਵਿਚ ਜਾਏ ਗਾ। ਨਾਮ ਤੇ ਬਗੈਰ ਤੇਰਾ ਕੋਈ ਨਾਂ ਸਹਾਈ ਹੋਊ ਨਾਮ ਤੇ ਬਗੈਰ ਤੂੰ ਤਾਂ ਬੜਾ ਪਛਤਾਏਂ ਗਾ। ਨਾਮ ਜਪ ਬੰਦਿਆ ਜੇ ਦੇਖਣਾਂ ਵੈਕੁੰਠ ਧਾਮ, ਬਿਨਾ ਰਾਮ ਨਾਮ ਕੀਤਾ ਆਪਣਾਂ ਤੂੰ ਪਾਏ ਗਾ ॥

(ਕਬਿਤ)

ਨਾਮ ਤੋਂ ਬਗੈਰ ਬੰਦਾ ਕਿ
ਆਂਦੇ, ਨਾਮ ਤੋਂ ਬਗੈ
ਤਾ। ਨਾਮ ਤੋਂ
ਚੁਰਾਸੀਆਂ ਦੇ,
ਬਾਰ ਤੂੰ
ਵਰ

Digitized by Panjab Digital Library | www.panjabdigilib.org

ਐਵੇਂ, ਨਾਮ ਤੋਂ ਬਗੈਰ ਕੋਈ ਹੋਣਾਂ ਨ
ਸਹਾਈਹੈ । ਨਾਮ ਤੋਂ ਬਗੈਰ ਵਿਰੇਦੂਨੀ
ਆਂ ਨੂੰ ਲੁਟਦਾ ਤੂੰ, ਨਾਮ ਤੋਂ ਬਗੈਰ
ਸਭ ਨੇਹਫਲ ਕਮਾਈ ਹੈ। ਨਾਮ ਤੋਂ
ਬਗੈਰ ਦਰਗਾਹ ਮੇਂ ਨਾ ਮਿਲੈ, ਢੋਈ
ਤੋਂ ਬਗੈਰ ਕਿਸ ਕਮ ਦ ਤਰਾਈ
ਬਗੈਰ ਝੂਠੇ ਧੰਦੇ ਵਿਚ ਫਸ
ਬਗੈਰ ਗਤ ਕਿ ਸੇ ਨੇ ਨਾਂ
ਬਗੈਰ ਪਾ ੀ ਫਿਰੇ ਡਾ
ਤੋ ਬਗੈਰ ਮੱਤ
ਨਾਮ ਤੋ ਬਗੈਰ
ਨਾਮ ਤੋ
ਤੋ

।
ਏ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org